3

# ਪ੍ਰਮੇਸ਼ਵਰ ਪਿਤਾ ਕੌਣ ਹੈ?

ਪ੍ਰਮੇਸ਼ਵਰ! ਕੋਈ ਵੀ ਵਿਅਕਤੀ ਜਾਂ ਵਸਤੂ ਉਸ ਤੋਂ ਉੱਪਰ ਨਹੀਂ। ਸੰਪੂਰਣ ਅਧਿਕਾਰ ਸਿਰਫ਼ ਓਸੇ ਦਾ ਹੈ। ਉਹ ਸਭ ਤੋਂ ਅੱਵਲ ਹੈ।

ਭਾਵੇਂ ਮਨੁੱਖ ਨੇ ਪੱਥਰ, ਲੱਕੜ ਅਤੇ ਮਿੱਟੀ ਦੀਆਂ ਮੂਰਤਾਂ ਅਤੇ ਮਨੁੱਖ ਦੇ ਵਿਚਾਰਾਂ ਦੀ ਪੂਜਾ ਕਰਨ ਦੀ ਕੋਸ਼ਿਸ਼ ਕਰਨ ਦੀ ਗ਼ਲਤੀ ਕੀਤੀ ਹੈ ਪਰ ਸਹੀ ਅਰਥਾਂ ਵਿਚ ''ਪ੍ਰਮੇਸ਼ਵਰ'' ਅਖਵਾਉਣ ਦਾ ਹੱਕਦਾਰ ਇੱਕੋ ਹੈ। ਪ੍ਰਮੇਸ਼ਵਰ ਸਿਰਫ਼ ਇੱਕੋ ਹੈ; ਸੱਚੀ ਬੰਦਗੀ ਸਿਰਫ਼ ਓਸੇ ਦੀ ਹੀ ਹੋ ਸਕਦੀ ਹੈ। ਕਿਸੇ ਵੀ ਹੋਰ ਅਖੌਤੀ ਜੀਵ ਦੀ ਭਾਵੇਂ ਉਹ ਕਾਲਪਨਿਕ ਹੋਵੇ ਜਾਂ ਜ਼ਿੰਦਾ, ਬੰਦਗੀ ਕਰਨਾ ਗ਼ਲਤ ਹੈ।

ਪ੍ਰਮੇਸ਼ਵਰ ਦੇ ਯੋਗ ਵਡਿਆਈ ਨੂੰ ਜੇ ਸਿਰਫ਼ ਕੁਝ ਸ਼ਬਦਾਂ ਵਿਚ ਹੀ ਬਿਆਨ ਕਰਨਾ ਹੋਵੇ, ਤਾਂ 1 ਤਿਮੋਥਿਉਸ 1:17 ਨਾਲੋਂ ਵਧੀਆ ਅਤੇ ਸਰਲ ਵਿਆਖਿਆ ਨਹੀਂ ਮਿਲ ਸਕਦੀ: ''... ਯੁੱਗਾਂ ਦੇ ਮਹਾਰਾਜ, ਅਬਨਾਸ਼ੀ, ਅਲਖ, ਅਦੁੱਤੀ ਪ੍ਰਮੇਸ਼ਵਰ ਦਾ ਆਦਰ ਅਤੇ ਤੇਜ ਯੁੱਗੋ ਯੁੱਗ ਹੋਵੇ। ਆਮੀਨ।'' ਪੁਰਾਣੇ ਜ਼ਮਾਨੇ ਵਿਚ ਇਸਰਾਏਲ ਵਿਚ ਬਾਰ-ਬਾਰ ਪ੍ਰਮੇਸ਼ਵਰ ਦੀ ਸੱਚਿਆਈ ਨੂੰ ਦੁਹਰਾ ਕੇ ਨਿਚੋੜ ਕੱਢਿਆ ਜਾਂਦਾ ਸੀ: ''... ਯਹੋਵਾਹ ਸਾਡਾ ਪ੍ਰਮੇਸ਼ਵਰ ਇੱਕੋ ਹੀ ਯਹੋਵਾਹ ਹੈ। ਤੁਸੀਂ ਯਹੋਵਾਹ ਆਪਣੇ ਪ੍ਰਮੇਸ਼ਵਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ'' (ਵਿਵਸਥਾਸਾਰ 6:4, 5)। ਪ੍ਰਮੇਸ਼ਵਰ ਕੌਣ ਹੈ, ਦੀ ਰੌਸ਼ਨੀ ਵਿਚ ਯਿਸੂ ਨੇ ਇਕ ਐਲਾਨ ਕੀਤਾ ਜੋ ਹਰ ਮਨ ਵਿਚ ਵੱਸ ਜਾਣਾ ਚਾਹੀਦਾ ਹੈ: ''ਭਈ ਤੂੰ ਪ੍ਰਭੂ ਆਪਣੇ ਪ੍ਰਮੇਸ਼ਵਰ ਨੂੰ ਸਿਜਦਾ ਕਰ ਅਤੇ ਓਸੇ ਇਕੱਲੇ ਦੀ ਉਪਾਸਨਾ ਕਰ'' (ਮੱਤੀ 4:10)।

ਸੱਚੇ ਪ੍ਰਮੇਸ਼ਵਰ ਦੇ ਸੁਭਾਅ ਨੂੰ ਬਾਈਬਲ ਵਿਚ ''ਤਿੰਨ'' ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ। ਭਾਵ ਇਹ ਕਿ ਉਹ ਇਕ ਤਾਂ ਹੈ ਪਰ ਤਿੰਨ ਅਰਥਾਤ ਪ੍ਰਮੇਸ਼ਵਰ ਪਿਤਾ; ਪ੍ਰਮੇਸ਼ਵਰ ਪੁੱਤਰ; ਪ੍ਰਮੇਸ਼ਵਰ ਆਤਮਾ ਦੇ ਰੂਪ ਵਿਚ ਹੈ। ਖ਼ੁਦਾਈ ਦੇ ਤਿੰਨੇ ਸ਼ਖ਼ਸ ਇਕ ਦੂਜੇ ਨਾਲ ਸਮਾਨ ਹਨ ਅਤੇ ਤਿੰਨਾਂ ਨੇ ਹਮੇਸ਼ਾ ਤਕ ਰਹਿਣਾ ਹੈ। ਸਭ ਦੀ ਆਪਣੀ ਵੱਖਰੀ ਪਛਾਣ ਹੈ, ਜਿਸ ਵਿਚ ਉਹਦੀ ਅਲੌਕਿਕ ਬੁੱਧ, ਮਨੋਭਾਵ ਅਤੇ ਇੱਛਾ ਜ਼ਾਹਿਰ ਹੁੰਦੀ ਹੈ; ਪਰ, ਵਜੂਦ, ਸੁਭਾਅ ਅਤੇ ਮਕਸਦ ਵਿਚ ਉਹ ਤਿੰਨੇ ਇਕ ਹਨ।

ਪ੍ਰਮੇਸ਼ਵਰ ਦੀ ਇਸ ਧਾਰਨਾ ਨੂੰ ਪ੍ਰਮੇਸ਼ਵਰਤਾਈ, ਖ਼ੁਦਾਈ ਅਰਥਾਤ ਤ੍ਰੀਏਕ ਜਾਂ ਤਸਲੀਸ ਕਿਹਾ ਜਾਂਦਾ ਹੈ (ਰਸੂਲਾਂ ਦੇ ਕੰਮ 17:29; ਰੋਮੀਆਂ 1:20; ਕੁਲੁੱਸੀਆਂ 2:9)।[1] ਇਹ ਮਹਾਨ ਸੱਚਿਆਈ ਸਾਡੀ ਮਨੁੱਖੀ ਸਮਝ ਤੋਂ ਤਾਂ ਬਹੁਤ ਪਰ੍ਹੇ ਹੈ-ਪਰ ਸਾਡੇ ਵਿਸ਼ਵਾਸ ਤੋਂ ਨਹੀਂ, ਕਿਉਂਕਿ ਇਹ ਪ੍ਰਮੇਸ਼ਵਰ ਦੇ ਵਚਨ ਵਿਚ ਸਪਸ਼ਟ ਦੱਸੀ ਗਈ ਹੈ। ਅਸੀਂ ਇਸ ਨੂੰ ਵਿਸ਼ਵਾਸ

ਰਾਹੀਂ ਕਬੂਲ ਕਰਦੇ ਹਾਂ-ਇਸ ਲਈ ਨਹੀਂ ਕਿ ਇਹ ਸਾਡੀ ਕਲਪਨਾ ਹੈ, ਇਸ ਲਈ ਨਹੀਂ ਕਿ ਸਾਡਾ ਤਰਕ ਹੈ ਕਿ ਇਹ ਸੱਚ ਹੋ ਸਕਦੀ ਹੈ, ਅਤੇ ਨਾ ਇਸ ਲਈ ਕਿਉਂਕਿ ਅਸੀਂ ਅਜਿਹੀ ਸੱਚਿਆਈ ਆਪਣੇ ਆਲੇ ਦੁਆਲੇ ਤੋਂ ਸਿੱਖੀ ਹੈ। ਅਸੀਂ ਇਸ ਸੱਚਿਆਈ ਨੂੰ ਮੰਨਦੇ ਅਤੇ ਇਸ ਤੇ ਇਸ ਲਈ ਵਿਸ਼ਵਾਸ ਕਰਦੇ ਹਾਂ ਕਿਉਂਕਿ ਇਹ ਸਾਨੂੰ ਪ੍ਰਮੇਸ਼ਵਰ ਦੇ ਆਤਮਾ ਦੀ ਪ੍ਰੇਰਣਾ ਨਾਲ ਲਿਖੀ ਬਾਈਬਲ ਵਿੱਚੋਂ ਮਿਲੀ ਹੈ।

ਪਵਿੱਤਰ ਬਾਈਬਲ ਵਿਚ ਪ੍ਰਮੇਸ਼ਵਰ ਦੇ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਹੋਣ ਦੀ ਗੱਲ ਸਿੱਧੇ ਨਹੀਂ ਦੱਸੀ ਗਈ ਪਰ ਇਸ ਬਾਰੇ ਇਸ਼ਾਰਾ ਮਿਲਦਾ ਹੈ। ਪੁਰਾਣੇ ਨੇਮ ਦੀਆਂ ਕਿਤਾਬਾਂ, ਜੋ ਖ਼ੁਦਾਈ ਦੇ ਵਿਚਾਰ ਦਾ ਸੁਝਾਅ ਦਿੰਦੀਆਂ ਹਨ, ਵਿਚ ਵੀ ਖ਼ੁਦਾ ਦਾ ਨਾਮ ਹੈ, ਜਿਹਦੇ ਲਈ ਇਬਰਾਨੀ ਸ਼ਬਦ ''ਇਲੋਹੀਮ'' ਵਰਤਿਆ ਗਿਆ ਹੈ, ਅਤੇ ਉੱਥੇ ਇਹ ਸ਼ਬਦ ਬਹੁਵਚਨ ਵਿਚ ਮਿਲਦਾ ਹੈ। ਪੁਰਾਣੇ ਨੇਮ ਦੇ ਹੋਰ ਲੇਖਾਂ ਵਿਚ ਵੀ ਪ੍ਰਮੇਸ਼ਵਰ ਨਾਲ ਸਬੰਧਿਤ ਹਵਾਲਿਆਂ ਲਈ ਬਹੁਵਚਨ ਪੜਨਾਉਂ ਵਰਤਿਆ ਗਿਆ ਹੈ-ਜਿਵੇਂ ਉਤਪਤ 1:26, ਜਿੱਥੇ ਕਿਹਾ ਗਿਆ ਹੈ, ''ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ... ਬਣਾਈਏ ... ।''[2]

ਨਵੇਂ ਨੇਮ ਵਿਚ ਅਸੀਂ ਖ਼ੁਦਾਈ ਦੇ ਤਿੰਨ ਜੀਆਂ ਬਾਰੇ ਪੜ੍ਹਦੇ ਹਾਂ। ਯਿਸੂ ਦੇ ਬਪਤਿਸਮੇ ਵੇਲੇ, ਪਵਿੱਤਰ ਆਤਮਾ ਉਸ 'ਤੇ ਕਬੂਤਰ ਵਾਂਗ ਉੱਤਰਿਆ, ਜਦ ਕਿ ਪਿਤਾ ਦੀ ਅਵਾਜ਼ ਨੇ ਐਲਾਨ ਕੀਤਾ, ''ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸੰਨ ਹਾਂ ...'' (ਮੱਤੀ 3:17)। ਸਾਡੇ ਪ੍ਰਭੂ ਨੇ ਆਪਣੇ ਚੇਲਿਆਂ ਨਾਲ ਉਨ੍ਹਾਂ 'ਤੇ ਪਵਿੱਤਰ ਆਤਮਾ ਭੇਜਣ ਦਾ ਵਾਅਦਾ ਕਰਦਿਆਂ ਆਤਮਾ, ਪ੍ਰਮੇਸ਼ਵਰ ਅਤੇ ਆਪਣੇ ਹਵਾਲੇ ਨਾਲ ਗੱਲ ਕੀਤੀ ਸੀ: ''ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸੱਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿਚ ਸਾਖੀ ਦੇਵੇਗਾ'' (ਯੂਹੰਨਾ 15:26)।

ਮਨੁੱਖ ਦੇ ਛੁਟਕਾਰੇ ਦਾ ਕੰਮ ਖ਼ੁਦਾਈ ਦੇ ਇਨ੍ਹਾਂ ਤਿੰਨਾਂ ਜੀਆਂ ਨੇ ਰਲ ਕੇ ਹੀ ਕੀਤਾ। ਪਤਰਸ ਨੇ ਲਿਖਿਆ ਹੈ, ''ਪਿਤਾ ਪ੍ਰਮੇਸ਼ਵਰ ਦੇ ਅਗੇਤਰੇ ਗਿਆਨ ਦੇ ਅਨੁਸਾਰ ਆਤਮਾ ਤੋਂ ਪਵਿੱਤਰ ਕੀਤੇ ਜਾਣ ਨਾਲ ਚੁਣੇ ਹੋਏ ਹਨ ਭਈ ਆਗਿਆਕਾਰ ਹੋਣ ਅਤੇ ਯਿਸੂ ਮਸੀਹ ਦਾ ਲਹੂ ਉਨ੍ਹਾਂ ਉੱਤੇ ਛਿੜਕਿਆ ਜਾਵੇ'' (1 ਪਤਰਸ 1:2)। ਪ੍ਰਮੇਸ਼ਵਰ ਕੋਲ ਪ੍ਰਾਰਥਨਾ ਕਰਨ ਦੇ ਸਾਡੇ ਢੰਗ ਵਿਚ ਵੀ ਖ਼ੁਦਾਈ ਵੇਖੀ ਜਾਂਦੀ ਹੈ, ਕਿਉਂਕਿ ਪੌਲੁਸ ਨੇ ਕਿਹਾ ਕਿ ਯਿਸੂ ਦੇ ਰਾਹੀਂ ''ਇੱਕੋ ਆਤਮਾ ਵਿਚ ਪਿਤਾ ਵੱਲ'' ਸਾਡੀ ਸਾਰਿਆਂ ਦੀ ਪਹੁੰਚ ਹੁੰਦੀ ਹੈ (ਅਫ਼ਸੀਆਂ 2:18)।

ਸੰਸਾਰ ਵਿਚ ਖੁਸ਼ਖ਼ਬਰੀ ਦਾ ਪ੍ਰਚਾਰ ਅਰਥਾਤ ਗ੍ਰੇਟ ਕਮਿਸ਼ਨ ਵਿਚ ਬਪਤਿਸਮਾ ਦੇਣ ਦੇ ਹੁਕਮ ਨੂੰ ਵੀ ਤ੍ਰੀਏਕ ਜਾਂ ਤਸਲੀਮ ਦੇ ਨਾਮ ਵਿਚ ਹੀ ਦਰਸਾਇਆ ਗਿਆ ਹੈ: ''ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਯੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:19, 20)।

ਪੂਰੀ ਬਾਈਬਲ ਵਿਚ, ਪ੍ਰਮੇਸ਼ਵਰ ਪਿਤਾ ਨੂੰ ਪੁਰਖਵਾਚਕ ਪੜਨਾਉਂ ਨਾਲ ਪੁਲਿੰਗ ਵਿਚ ਹੀ ਦਿਖਾਇਆ ਗਿਆ ਹੈ। ਉਹ ਪਿਤਾ, ਸਿਰਜਣਹਾਰ, ਯਹੋਵਾਹ, ਸਰਵ ਸ਼ਕਤੀਮਾਨ ਅਤੇ ਪ੍ਰਭੂ ਪ੍ਰਮੇਸ਼ਵਰ ਹੈ। ਉਹ ਖ਼ੁਦਾਈ ਦੇ ਤਿੰਨਾਂ ਜੀਆਂ ਵਿਚ ਸਭ ਤੋਂ ਅਗੇਤਾ ਆਉਂਦਾ ਹੈ। ਬਾਈਬਲ ਉਹਨੂੰ ਬੁੱਧ, ਸ਼ਕਤੀ, ਪ੍ਰੇਮ, ਦਇਆ ਅਤੇ ਨਿਆਂ ਵਿਚ ਸਭ ਤੋਂ ਅੱਵਲ ਵਿਖਾਉਂਦੀ

ਹੈ। ਜਿਸ ਨੇ ਸੰਸਾਰ ਦੀ ਯੋਜਨਾ ਬਣਾਈ, ਉਹਦੀ ਰੂਪ ਰੇਖਾ ਤਿਆਰ ਕੀਤੀ ਅਤੇ ਦੁਨੀਆਂ ਬਣਾਈ, ਉਹ ਸਾਰੀ ਸ਼ਕਤੀ ਅਤੇ ਅਧਿਕਾਰੀਆਂ 'ਤੇ ਸਰਵ ਉੱਚ ਅਧਿਕਾਰ ਰੱਖਦਾ ਅਤੇ ਉਨ੍ਹਾਂ ਤੇ ਹਕੂਮਤ ਕਰਦਾ ਹੈ। ਜੋ ਲੋਕ ਉਹਦੀ ਬੰਦਗੀ ਕਰਦੇ ਅਤੇ ਉਹਦੀ ਗੱਲ ਮੰਨਦੇ ਹਨ ਉਹ ਉਨ੍ਹਾਂ ਦਾ ਪਿਤਾ ਹੈ। ਓਸੇ ਵਿਚ ਸਭ ਪ੍ਰਾਣੀ, ਜਿਨ੍ਹਾਂ ਵਿਚ ਇਨਸਾਨ ਵੀ ਸ਼ਾਮਲ ਹੈ, ਜੀਉਂਦੇ ਅਤੇ ਚੱਲਦੇ ਫਿਰਦੇ ਅਤੇ ਕਾਇਮ ਰਹਿੰਦੇ ਹਨ (ਰਸੂਲਾਂ ਦੇ ਕੰਮ 17:28)।

ਸਭ ਲੋਕਾਂ, ਸਭ ਦੇਸ਼ਾਂ ਅਤੇ ਸਭ ਕੌਮਾਂ ਨੂੰ ਚਾਹੀਦਾ ਹੈ ਕਿ ਉਹਨੂੰ ਇੱਕੋ ਸੱਚਾ ਪ੍ਰਮੇਸ਼ਵਰ ਜਾਣ ਕੇ ਓਸੇ ਦੀ ਹੀ ਬੰਦਗੀ ਕਰਨ। ਉਹਦੇ ਕੋਲ ਮਸੀਹ ਦੇ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਅਸੀਂ ਫ਼ਰਿਸ਼ਤਿਆਂ, ਸੰਤਾਂ ਜਾਂ ਕਿਸੇ ਹੋਰ ਇਨਸਾਨ ਦੇ ਰਾਹੀਂ, ਜੀਉਂਦਾ ਹੋਵੇ ਜਾਂ ਮੋਇਆ, ਭਾਵੇਂ ਕਿੰਨਾ ਵੀ ਨੇਕ ਕਿਉਂ ਨਾ ਰਿਹਾ ਹੋਵੇ, ਦੇ ਰਾਹੀਂ ਉਹਦੇ ਤਕ ਨਹੀਂ ਪਹੁੰਚ ਸਕਦੇ। ਪ੍ਰਮੇਸ਼ਵਰ ਅਤੇ ਮਨੁੱਖ ਦੇ ਦਰਮਿਆਨ ਅਸਲ ਵਿਚੋਲਾ ਸਿਰਫ਼ ਇਕ ਹੀ ਹੈ ਜੋ ਕਿ ਉਹਦਾ ਪੁੱਤਰ ਯਿਸੂ ਹੈ (1 ਤਿਮੋਥਿਉਸ 2:5)। ਮਨੁੱਖ ਲਈ ਪਿਤਾ ਤਕ ਪਹੁੰਚਣ ਦਾ ਇੱਕੋ ਇਕ ਰਾਹ ਯਿਸੂ ਹੈ। ਯਿਸੂ ਨੇ ਕਿਹਾ, ''ਰਾਹ ਅਤੇ ਸੱਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)।

ਖ਼ੁਦਾਈ ਦਾ ਦੂਜਾ ਜੀਅ ਪ੍ਰਭੂ ਯਿਸੂ ਮਸੀਹ ਹੈ। ਉਹਦੇ ਰਾਹੀਂ ਪ੍ਰਮੇਸ਼ਵਰ ਪਿਤਾ ਨੇ ਸੰਸਾਰ ਅਤੇ ਮਨੁੱਖ ਨੂੰ ਬਣਾਇਆ (ਕੁਲੁੱਸੀਆਂ 1:16)। ਮਨੁੱਖ ਨਾਲ ਆਪਣੇ ਸਬੰਧ ਵਿਚ, ਯਿਸੂ ਨੂੰ ''ਮਨੁੱਖ ਦਾ ਪੁੱਤਰ'' ਕਿਹਾ ਜਾਂਦਾ ਹੈ; ਪ੍ਰਮੇਸ਼ਵਰ ਨਾਲ ਸਬੰਧ ਵਿਚ, ਉਹਨੂੰ ''ਪ੍ਰਮੇਸ਼ਵਰ ਦਾ ਪੁੱਤਰ'' ਕਿਹਾ ਜਾਂਦਾ ਹੈ। ਖ਼ੁਦਾਈ ਦਾ ਸਿਰਫ਼ ਇਹੀ ਉਹ ਜੀਅ ਹੈ, ਜਿਸ ਨੇ ਮਨੁੱਖੀ ਸਰੀਰ ਧਾਰਿਆ ਅਤੇ ਮਨੁੱਖੀ ਸਰੀਰ ਵਿਚ ਧਰਤੀ ਤੇ ਰਿਹਾ। ਉਹੀ ਮਨੁੱਖ ਜਾਤੀ ਦਾ ਮੁਕਤੀਦਾਤਾ ਅਤੇ ਛੁਟਕਾਰਾ ਦੁਆਉਣ ਵਾਲਾ ਹੈ। ਚਾਹੀਦਾ ਹੈ ਕਿ ਅਸੀਂ ਓਸੇ ਦੀ ਬੰਦਗੀ ਕਰੀਏ ਅਤੇ ਓਸੇ ਨੂੰ ਸਿਜਦਾ ਕਰੀਏ। ਉਹਨੇ ਉਹ ਸਾਰੇ ਸਾਧਨ ਮੁਹੱਈਆ ਕਰਵਾ ਦਿੱਤੇ ਹਨ ਜਿਨ੍ਹਾਂ ਰਾਹੀਂ ਸਾਰੀ ਧਰਤੀ ਦੇ ਲੋਕ ਪਿਤਾ ਦੀ ਸੰਗਤੀ ਵਿਚ ਆ ਸਕਦੇ ਹਨ।

> ਇਸ ਕਾਰਣ ਪ੍ਰਮੇਸ਼ਵਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਵਾਂ ਤੋਂ ਉੱਤਮ ਹੈ। ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ਬਾਨ ਪ੍ਰਮੇਸ਼ਵਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ (ਫ਼ਿਲਿੱਪੀਆਂ 2:9-11)!

ਪ੍ਰਮੇਸ਼ਵਰਤਾਈ (ਖ਼ੁਦਾਈ) ਦਾ ਤੀਜਾ ਜੀਅ ਪਵਿੱਤਰ ਆਤਮਾ ਹੈ। ਉਹਦਾ ਸੁਭਾਅ ਅਤੇ ਸਰੂਪ ਪ੍ਰਮੇਸ਼ਵਰ ਅਤੇ ਮਸੀਹ ਵਾਂਗ ਹੀ ਹੈ। ਉਨ੍ਹਾਂ ਵਾਂਗ ਹੀ ਉਸ ਨੂੰ ਵੀ ਵਿਅਕਤੀਵਾਚਕ ਪੜਨਾਓਂ ਨਾਲ ਹੀ ਦੱਸਿਆ ਜਾਂਦਾ ਹੈ ਅਤੇ ਉਹਦੇ ਨਾਲ ਜੁੜੀਆਂ ਆਇਤਾਂ ਹਮੇਸ਼ਾ ਪੁਲਿੰਗ ਵਿਚ ਹੀ ਹੁੰਦੀਆਂ ਹਨ। ਬਾਈਬਲ ਵਿਚ ਪ੍ਰਮੇਸ਼ਵਰਤਾਈ ਦੇ ਦੂਜੇ ਦੋ ਮੈਂਬਰਾਂ ਨਾਲ ਸਬੰਧ ਵਿਚ ਉਹ ਹਮੇਸ਼ਾ ਤੀਜੇ ਥਾਂ ਤੇ ਹੁੰਦਾ ਹੈ। ਨਵੇਂ ਨੇਮ ਵਿਚ ਇਸ ਨੂੰ ਮਨੁੱਖ ਦੀ ਅਗਵਾਈ ਅਤੇ ਹਦਾਇਤ ਦੇਣ ਦਾ ਜ਼ਰੀਆ ਦੱਸਿਆ ਗਿਆ ਹੈ। ਪਵਿੱਤਰ ਲਿਖਤ ਦੇ ਰਾਹੀਂ ਉਹ ਸਾਡਾ ਸਹਾਇਕ ਹੈ। ਉਸ ਨੇ ਪੁਰਾਣਾ ਅਤੇ ਨਵਾਂ ਨੇਮ ਲਿਖਣ ਦੀ ਪ੍ਰੇਰਣਾ ਦਿੱਤੀ; ਇਸ ਲਈ, ਪਵਿੱਤਰ ਵਚਨ ਨੂੰ ''ਆਤਮਾ ਦੀ ਤਲਵਾਰ'' (ਅਫ਼ਸੀਆਂ 6:17) ਕਿਹਾ ਜਾਂਦਾ ਹੈ, ਜੋ ਕਿ ਉਹ ਹਥਿਆਰ ਹੈ ਜਿਸ ਦੀ ਵਰਤੋਂ ਉਹ ਆਪਣੇ ਕੰਮ ਲਈ ਕਰਦਾ ਹੈ। ਉਹ ਉਨ੍ਹਾਂ ਲੋਕਾਂ ਵਿਚ ਵਾਸ ਕਰਦਾ (ਜਾਂ ਰਹਿੰਦਾ) ਹੈ ਜੋ

ਪ੍ਰਮੇਸ਼ਵਰ ਦੀ ਸੰਤਾਨ ਬਣ ਗਏ ਹਨ (1 ਕੁਰਿੰਥੀਆਂ 6: 19, 20)।

ਇਹ ਤਿੰਨੇ ਅਨੰਤ ਕਾਲ ਤਕ ਇਕੱਠੇ ਹਨ ਅਤੇ ਇਹੀ ਖ਼ੁਦਾਈ ਹਨ। ਭਾਵੇਂ ਉਨ੍ਹਾਂ ਬਾਰੇ ਬਹੁਤ ਕੁਝ ਅਜਿਹਾ ਹੈ ਜੋ ਅਸੀਂ ਨਹੀਂ ਜਾਣਦੇ ਪਰ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਉਨ੍ਹਾਂ ਵਿੱਚੋਂ ਹਰ ਇਕ ਦਾ ਵਜੂਦ ਹੈ ਅਤੇ ਉਨ੍ਹਾਂ ਤਿੰਨਾਂ ਨਾਲ ਹੀ ਮਹਿਮਾ ਨਾਲ ਭਰੀ ਤਸਲੀਸ ਯਾਨੀ ਤ੍ਰੀਏਕਤਾ ਬਣਦੀ ਹੈ। ਉਹ ਇਕੱਠੇ ਹਨ ਅਤੇ ਇਕ ਹੋ ਕੇ ਰਹਿੰਦੇ ਹਨ। ਉਹ ਅਬਦੀ, ਵਿਲੱਖਣ ਅਤੇ ਸਿਰਜੀਆਂ ਗਈਆਂ ਸਭਨਾਂ ਵਸਤਾਂ ਨਾਲੋਂ ਅਲਹਿਦਾ ਹਨ ਅਤੇ ਉਨ੍ਹਾਂ ਦੀ ਇੱਛਾ ਅਤੇ ਉਦੇਸ਼ ਇੱਕੋ ਹੀ ਹੈ।

ਤਿੰਨ ਸ਼ਖ਼ਸਾਂ ਦੇ ਤੌਰ 'ਤੇ ਪ੍ਰਮੇਸ਼ਵਰ ਦੇ ਸੁਭਾਅ ਤੋਂ ਵੱਧ, ਅਸੀਂ ਪ੍ਰਮੇਸ਼ਵਰ ਪਿਤਾ ਬਾਰੇ ਹੋਰ ਕੀ ਜਾਣਦੇ ਹਾਂ? ਬੁਨਿਆਦੀ ਤੌਰ ਤੇ ਬਾਈਬਲ ਉਹਦੇ ਬਾਰੇ ਇਕ ਮਹਾਨ ਅਤੇ ਸਰਵੋਤਮ ਸੱਚਾਈ ਦੱਸਦੀ ਹੈ ਕਿ ਸਿਰਫ਼ ਉਹੀ ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਹੈ, ਅਤੇ ਇਸ ਕਾਰਣ ਹਰ ਇਨਸਾਨ ਨੂੰ ਚਾਹੀਦਾ ਹੈ ਕਿ ਓਸੇ ਦੀ ਬੰਦਗੀ ਕਰੇ। ਬਾਈਬਲ ਦੇ ਕਿਸੇ ਭਾਗ ਨੂੰ ਵੀ ਭਾਵੇਂ ਉਹ ਪੁਰਾਣਾ ਨੇਮ ਹੋਵੇ ਜਾਂ ਨਵਾਂ ਨੇਮ, ਇਸ ਸੱਚਿਆਈ ਨੂੰ ਜ਼ੋਰਦਾਰ ਢੰਗ ਨਾਲ ਸਿਖਾਉਂਦੇ ਵੇਖਣ ਬਗੈਰ ਨਹੀਂ ਪੜ੍ਹਿਆ ਜਾ ਸਕਦਾ।

ਆਓ ''ਪ੍ਰਮੇਸ਼ਵਰ ਪਿਤਾ ਕੌਣ ਹੈ?'' ਦੇ ਸਵਾਲ ਤੇ ਹੋਰ ਗਹਿਰਾਈ ਨਾਲ ਵਿਚਾਰ ਕਰਦੇ ਹਾਂ।

## ਸਾਡਾ ਸਿਰਜਣਹਾਰ

ਪ੍ਰਮੇਸ਼ਵਰ ਨੇ ਹਰ ਚੀਜ਼ ਬਣਾਈ ਹੈ। ਸੱਭੋ ਕੁਝ ਓਸੇ ਨੇ ਬਣਾਇਆ ਅਤੇ ਹਰ ਚੀਜ਼ ਓਸੇ ਦੀ ਹੈ। ਕੁਝ ਵੀ ਅਜਿਹਾ ਨਹੀਂ ਹੈ, ਜਿਸਨੂੰ ਉਹਨੇ ਨਾ ਬਣਾਇਆ ਹੋਵੇ ਜਾਂ ਬਣਾਉਣ ਦੀ ਇਜਾਜ਼ਤ ਨਾ ਦਿੱਤੀ ਹੋਵੇ, ਅਤੇ ਜੋ ਕੁਝ ਵੀ ਹੈ ਉਹ ਸਭ ਓਸੇ ਦਾ ਹੈ।

ਧਰਤੀ ਅਤੇ ਮਨੁੱਖ ਜਾਤੀ ਆਪਣੇ ਆਪ ਵਿਕਸਤ ਨਹੀਂ ਹੋਏ ਬਲਕਿ ਪ੍ਰਮੇਸ਼ਵਰ ਦੇ ਕਿਰਪਾਲੂ ਹੱਥਾਂ ਨਾਲ ਉਨ੍ਹਾਂ ਨੂੰ ਸਿਰਜਿਆ ਗਿਆ ਸੀ। ਇਸੇ ਕਰਕੇ ਸਾਨੂੰ ਵਿਗਿਆਨਕਾਂ ਵੱਲੋਂ ਧਰਤੀ ਦੇ ਬਣਨ ਅਤੇ ਉਹਦੀ ਉਮਰ ਦੀ ਗੱਲ ਤੇ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ। ਸੰਸਾਰ ਦਾ ਆਰੰਭ ਤਾਂ ਮੋਅਜਜ਼ੇ ਨਾਲ ਹੋਇਆ ਸੀ; ਇਸ ਲਈ ਇਹ ਐਨਾ ਪੁਰਾਣਾ ਲਗਦਾ ਹੈ ਜਿੰਨਾ ਅਸਲ 'ਚ ਹੈ ਨਹੀਂ। ਪ੍ਰਮੇਸ਼ਵਰ ਨੇ ਕੁਝ ਹੱਦ ਤਕ, ਧਰਤੀ ਨੂੰ ਪੂਰੀ ਤਰ੍ਹਾਂ ਵਿਕਸਤ ਹੀ ਬਣਾਇਆ ਸੀ। ਉਹਨੇ ਮਨੁੱਖ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਹਦੇ ਲਈ ਮਨੁੱਖ ਦੀ ਹੋਂਦ ਬਣਾਏ ਰੱਖਣ ਲਈ ਪੂਰੀ ਤਰ੍ਹਾਂ ਵਿਕਸਤ ਧਰਤੀ ਨੂੰ ਬਣਾਉਣਾ ਜ਼ਰੂਰੀ ਸੀ।

ਉਹਨੇ ਪਹਿਲੇ ਜੋੜੇ, ਆਦਮ ਅਤੇ ਹੱਵਾ ਨੂੰ ਬੱਚੇ ਨਹੀਂ ਸਗੋਂ ਬਾਲਗਾਂ ਦੇ ਰੂਪ ਵਿਚ ਬਣਾਇਆ। ਜਿਸ ਦਿਨ ਉਸ ਨੇ ਉਨ੍ਹਾਂ ਨੂੰ ਬਣਾਇਆ ਸੀ ਜੇ ਤੁਸੀਂ ਜਾਂ ਮੈਂ ਉੱਥੇ ਹੁੰਦੇ, ਤਾਂ ਅਸੀਂ ਵੇਖਦੇ ਕਿ ਉਹ ਵੀਹ ਕੁ ਸਾਲ ਦੇ ਜਵਾਨ ਲੱਗ ਰਹੇ ਹੋਣਗੇ; ਪਰ ਜ਼ਿੰਦਗੀ ਉਨ੍ਹਾਂ ਨੂੰ ਹੁਣੇ ਹੁਣੇ ਮਿਲੀ ਸੀ। ਇਸੇ ਤਰ੍ਹਾਂ, ਧਰਤੀ ਨੂੰ ਵੀ ਪ੍ਰਮੇਸ਼ਵਰ ਨੇ ਆਰੰਭ ਵਿਚ ਪੂਰੀ ਤਰ੍ਹਾਂ ਤਿਆਰ ਵਨਸਪਤੀ, ਪਾਣੀ, ਹਵਾ ਅਤੇ ਜੀਵਨ ਰੱਖਿਅਕ ਧੂੜ ਸਣੇ ਮੋਅਜਜ਼ੇ ਰਾਹੀਂ ਬਣਾਇਆ ਸੀ।

ਇਸ ਸੱਚਿਆਈ ਦੇ ਨਾਲ ਕਿ ਪ੍ਰਮੇਸ਼ਵਰ ਨੇ ਸਭ ਵਸਤਾਂ ਨੂੰ ਬਣਾਇਆ। ਪ੍ਰਮੇਸ਼ਵਰ ਬਾਰੇ ਹੋਰ ਵੀ ਸੱਚਾਈਆਂ ਹਨ ਜਿਨ੍ਹਾਂ ਨੂੰ ਸਮਝਣਾ ਸਾਡੇ ਲਈ ਜ਼ਰੂਰੀ ਹੈ। ਉਹ ਸੱਚਾਈਆਂ ਕੀ ਹਨ?

*ਹਰ ਯਥਾਰਥ ਦੇ ਪਿੱਛੇ ਉਹੀ ਹੈ।*

ਜੋ ਕੁਝ ਵੀ ਹੋਂਦ ਵਿਚ ਹੈ ਉਹਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ; ਇਕ ਉਹ ਜੋ ਪ੍ਰਮੇਸ਼ਵਰ ਹੈ ਅਤੇ ਦੂਜਾ ਉਹ ਜੋ ਪ੍ਰਮੇਸ਼ਵਰ ਨਹੀਂ ਹੈ। ਪ੍ਰਮੇਸ਼ਵਰ ਸਭ ਤੋਂ ਪਹਿਲਾ ਅਤੇ ਸਭ ਤੋਂ ਬੁਨਿਆਦੀ ਯਥਾਰਥ ਹੈ। ਬਾਕੀ ਸਭ ਕੁਝ ਓਸੇ ਦੇ ਰਾਹੀਂ ਬਣਾਇਆ ਗਿਆ ਜਾਂ ਉਹਦੇ ਅਧਿਕਾਰ ਨਾਲ ਬਣਾਉਣ ਦੀ ਇਜਾਜ਼ਤ ਦਿੱਤੀ ਗਈ, ਜਿਸ ਕਰਕੇ ਉਹ ਪ੍ਰਮੇਸ਼ਵਰ ਨਹੀਂ ਹੈ।

*ਉਹ ਅਨਾਦੀ ਹੈ।*

> ਉਸ ਤੋਂ ਪਹਿਲਾਂ ਕਿ ਪਹਾੜ ਉਤਪਨ ਹੋਏ, ਅਤੇ ਧਰਤੀ ਅਰ ਜਗਤ ਨੂੰ ਤੈਂ ਰਚਿਆ, ਆਦਿ ਤੋਂ ਅੰਤ ਤੀਕ ਤੂੰ ਹੀ ਪ੍ਰਮੇਸ਼ਵਰ ਹੈਂ (ਜ਼ਬੂਰ 90:2)।

> ਪਰ ਤੂੰ ਓਹੀ ਹੈਂ, ਅਤੇ ਤੇਰੇ ਵਰ੍ਹੇ ਮੁੱਕਣਗੇ ਨਹੀਂ (ਜ਼ਬੂਰ 102:27)।

ਪ੍ਰਮੇਸ਼ਵਰ ਦਾ ਕੋਈ ਆਰੰਭ ਨਹੀਂ ਹੈ ਅਤੇ ਨਾ ਹੀ ਉਹਦਾ ਕੋਈ ਅੰਤ ਹੋਵੇਗਾ। ਉਹ ਸਮੇਂ ਤੋਂ ਪਹਿਲਾਂ ਸੀ, ਉਸ ਨੇ ਸਮੇਂ ਨੂੰ ਅਨਾਦੀ ਕਾਲ ਦੇ ਇਕ ਸਮੇਂ ਵਿਚ ਜੋੜ ਦਿੱਤਾ। ਉਹਦਾ ਵਜੂਦ ਅਨਾਦੀ ਕਾਲ ਤੋਂ ਹੀ ਹੈ, ਜਿਹਦੇ ਲਈ ਭੂਤ, ਵਰਤਮਾਨ ਅਤੇ ਭਵਿੱਖ ਸਮੇਂ ਦੇ ਇਕ ਪਲ ਵਾਂਗ ਹਨ। ਉਹ ਹੁਣ ਅਨਾਦੀ ਕਾਲ ਵਿਚ ਵਾਸ ਕਰਦਾ ਹੈ। ਭੂਤ ਅਤੇ ਭਵਿੱਖ ਨੂੰ ਵੇਖਣਾ ਉਹਦੇ ਲਈ ਵਰਤਮਾਨ ਨੂੰ ਵੇਖਣ ਵਰਗਾ ਹੀ ਹੈ। ਉਹ ਸਦਾ ਤੋਂ ਹੈ ਅਤੇ ਸਦਾ ਤਕ ਰਹੇਗਾ।

*ਉਹ ਸਰਵ ਸ਼ਕਤੀਮਾਨ ਹੈ।*

> ਹੇ ਪ੍ਰਭੂ ਯਹੋਵਾਹ, ਵੇਖ! ਤੈਂ ਅਕਾਸ਼ ਅਤੇ ਧਰਤੀ ਨੂੰ ਵੱਡੀ ਸ਼ਕਤੀ ਅਤੇ ਪਸਾਰੀ ਹੋਈ ਬਾਂਹ ਨਾਲ ਬਣਾਇਆ ਅਤੇ ਤੇਰੇ ਲਈ ਕੋਈ ਕੰਮ ਕਠਿਨ ਨਹੀਂ ਹੈ (ਯਿਰਮਿਯਾਹ 32:17)।

> ਵੇਖ, ਮੈਂ ਸਾਰੇ ਬਸ਼ਰ ਦਾ ਯਹੋਵਾਹ ਪ੍ਰਮੇਸ਼ਵਰ ਹਾਂ। ਕੀ ਕੋਈ ਕੰਮ ਮੇਰੇ ਲਈ ਕਠਿਨ ਹੈ? (ਯਿਰਮਿਯਾਹ 32:27)।

ਆਪਣੇ ਸੁਭਾਅ ਨੂੰ ਬਣਾਏ ਰੱਖ ਕੇ ਉਹ ਕੁਝ ਵੀ ਕਰ ਸਕਦਾ ਹੈ। ਬੇਸ਼ੱਕ ਉਹ ਬੁਰਿਆਈ ਦਾ ਪੱਖ ਨਹੀਂ ਕਰ ਸਕਦਾ, ਅਤੇ ਬੁਰਿਆਈ ਨਾਲ ਉਹਨੂੰ ਛਲਿਆ ਨਹੀਂ ਜਾ ਸਕਦਾ, ਕਿਉਂਕਿ ਉਹ ਧਰਮੀ ਹੈ (ਹਬੱਕੂਕ 1:13)। ਆਪਣੀ ਸੱਚਿਆਈ ਕਾਰਣ ਉਹ ਆਪਣੇ ਸੁਭਾਅ ਤੋਂ ਮੁੱਕਰ ਨਹੀਂ ਸਕਦਾ (2 ਤਿਮੋਥਿਉਸ 2:13), ਕਿਉਂਕਿ ਉਹ ਝੂਠ ਨਹੀਂ ਬੋਲ ਸਕਦਾ (ਤੀਤੁਸ 1:2)। ਪਰ ਆਪਣੇ ਸੁਭਾਅ ਮੁਤਾਬਕ ਉਹ ਕੁਝ ਵੀ ਕਰਨ ਵਿਚ ਸਮਰੱਥ ਹੈ। ਉਹਦੇ ਲਈ ਕੁਝ ਵੀ ਕਰਨਾ ਔਖਾ ਨਹੀਂ ਹੈ।

*ਉਹ ਸਭ ਕੁਝ ਜਾਣਦਾ ਹੈ।*

> ਕੀ ਮੈਂ ਨੇੜੇ ਦਾ ਹੀ ਪ੍ਰਮੇਸ਼ਵਰ ਹਾਂ ਅਤੇ ਦੂਰ ਦਾ ਪ੍ਰਮੇਸ਼ਵਰ ਨਹੀਂ ਹਾਂ? ਯਹੋਵਾਹ ਦਾ ਵਾਕ ਹੈ। ਕੀ ਕੋਈ ਮਨੁੱਖ ਆਪਣੇ ਆਪ ਨੂੰ ਪਰਦੇ ਵਿਚ ਲੁਕਾ ਲਵੇਗਾ ਕਿ ਮੈਂ ਉਹ ਨੂੰ ਨਾ ਵੇਖਾਂ? ਯਹੋਵਾਹ ਦਾ ਵਾਕ ਹੈ। ਕੀ ਅਕਾਸ਼ ਅਤੇ ਧਰਤੀ ਮੇਰੇ ਨਾਲ ਨਹੀਂ ਭਰੇ ਹੋਏ? (ਯਿਰਮਿਯਾਹ 23:23, 24)।

> ਯਹੋਵਾਹ ਦੀਆਂ ਅੱਖਾਂ ਸਭਨੀਂ ਥਾਈਂ ਲੱਗੀਆਂ ਰਹਿੰਦੀਆਂ ਹਨ, ਅਤੇ ਬੁਰੇ ਭਲੇ

ਦੋਹਾਂ ਨੂੰ ਤੱਕਦੀਆਂ ਹਨ (ਕਹਾਉਤਾਂ 15:3)।

ਉਹਨੂੰ ਸਭ ਕੁਝ ਸ਼ੀਸ਼ੇ ਵਾਂਗ ਸਾਫ਼ ਦਿਸਦਾ ਅਤੇ ਪੂਰੀ ਤਰ੍ਹਾਂ ਪਤਾ ਹੁੰਦਾ ਹੈ। ਉਹਨੂੰ ਕੁਝ ਵੀ ਦੱਸਣ ਦੀ ਲੋੜ ਨਹੀਂ ਹੁੰਦੀ। ਉਹਨੂੰ ਕਿਸੇ ਸਲਾਹਕਾਰ, ਗੁਰੂ ਜਾਂ ਕਿਸੇ ਕੋਲੋਂ ਜਾਣਨ ਦੀ ਲੋੜ ਨਹੀਂ ਹੁੰਦੀ। ਜੋ ਕੁਝ ਵੀ ਜਾਣਿਆ ਜਾ ਸਕਦਾ ਹੈ ਉਹ ਉਸ ਨੂੰ ਪਹਿਲਾਂ ਹੀ ਜਾਣਦਾ ਹੁੰਦਾ ਹੈ।

*ਉਹ ਹਰ ਥਾਂ ਮੌਜੂਦ ਹੈ।*

> ਮੈਂ ਤੇਰੇ ਆਤਮਾ ਤੋਂ ਕਿੱਧਰ ਜਾਵਾਂ ਅਤੇ ਤੇਰੀ ਹਜ਼ੂਰੀ ਤੋਂ ਕਿੱਧਰ ਨੱਸਾਂ? ਜੇ ਮੈਂ ਅਕਾਸ਼ ਉੱਤੇ ਚੜ੍ਹ ਜਾਵਾਂ, ਤੂੰ ਉੱਥੇ ਹੈਂ, ਜੇ ਮੈਂ ਪਤਾਲ ਵਿਚ ਬਿਸਤਰਾ ਵਿਛਾਵਾਂ, ਵੇਖ, ਤੂੰ ਉੱਥੇ ਹੈਂ! ਜੇ ਮੈਂ ਫ਼ਜਰ ਦੇ ਖੰਭ ਲਾ ਲਵਾਂ, ਅਤੇ ਸਮੁੰਦਰ ਦੇ ਆਖ਼ਰ ਵਿਚ ਜਾ ਵੱਸਾਂ, ਉੱਥੇ ਵੀ ਤੇਰਾ ਹੱਥ ਮੇਰੀ ਅਗਵਾਈ ਕਰੇਗਾ, ਅਤੇ ਤੇਰਾ ਸੱਜਾ ਹੱਥ ਮੈਨੂੰ ਫੜ ਲਵੇਗਾ! ਜੇ ਮੈਂ ਆਖਾਂ ਭਈ ਹਨ੍ਹੇਰਾ ਮੈਨੂੰ ਜ਼ਰੂਰ ਢੱਕ ਲਵੇਗਾ, ਅਤੇ ਮੇਰੇ ਇਰਦੇ ਗਿਰਦੇ ਦਾ ਚਾਨਣ ਰਾਤ ਹੋ ਜਾਵੇਗਾ, ਤਦ ਵੀ ਹਨ੍ਹੇਰਾ ਤੈਥੋਂ ਨਾ ਛਿਪਾਵੇਗਾ, ਅਤੇ ਰਾਤ ਦਿਨ ਵਾਂਗੂੰ ਚਮਕੇਗੀ, ਸੋ ਹਨ੍ਹੇਰਾ ਤੇ ਚਾਨਣਾ ਇੱਕੋ ਜਿਹੇ ਹਨ (ਜ਼ਬੂਰ 139:7-12)।

> ... ਭਾਵੇਂ ਉਹ ਸਾਡੇ ਵਿੱਚੋਂ ਕਿਸੇ ਤੋਂ ਦੂਰ ਨਹੀਂ। ਕਿਉਂਕਿ ਓਸੇ ਵਿਚ ਅਸੀਂ ਜੀਉਂਦੇ ਅਰ ਤੁਰਦੇ ਫਿਰਦੇ ਅਤੇ ਮੌਜੂਦ ਹਾਂ (ਰਸੂਲਾਂ ਦੇ ਕੰਮ 17:27, 28)

ਅਸੀਂ ਕਿਤੇ ਵੀ ਚਲੇ ਜਾਈਏ, ਪ੍ਰਮੇਸ਼ਵਰ ਉੱਥੇ ਹੀ ਹੈ। ਅਸੀਂ ਉਸ ਤੋਂ ਲੁਕ ਨਹੀਂ ਸਕਦੇ ਅਤੇ ਸਭ ਕੁਝ ਵੇਖਣ ਵਾਲੀਆਂ ਉਹਦੀਆਂ ਅੱਖਾਂ ਤੋਂ ਕੁਝ ਵੀ ਲੁਕਾ ਨਹੀਂ ਸਕਦੇ। ਨਾ ਦੂਰੀ ਅਤੇ ਨਾ ਹਨ੍ਹੇਰਾ ਸਾਨੂੰ ਉਹਦੀ ਮੌਜੂਦਗੀ ਤੋਂ ਲੁਕਾ ਸਕਦੇ ਹਨ।

*ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਸਿਰਫ਼ ਉਹੀ ਹੈ।*

ਉਹ ਜੀਉਂਦਾ (ਮੱਤੀ 16:16) ਅਤੇ ਸੱਚਾ ਹੈ (1 ਥੱਸਲੁਨੀਕੀਆਂ 1:9)। ਜਿਵੇਂ ਪੁੱਤਰ ਆਪਣੇ ਪਿਤਾ ਵਰਗਾ ਹੋ ਸਕਦਾ ਹੈ, ਉਸੇ ਤਰ੍ਹਾਂ ਮਨੁੱਖੀ ਜੀਵ ਵੀ ਆਪਣੇ ਸਿਰਜਣਹਾਰ ਪ੍ਰਮੇਸ਼ਵਰ ਵਰਗੇ ਹਨ। ਮਨੁੱਖ ਦੇ ਵਾਂਗ ਹੀ ਪ੍ਰਮੇਸ਼ਵਰ ਦੇਖਦਾ, ਸੁਣਦਾ, ਬੋਲਦਾ, ਮਹਿਸੂਸ ਕਰਦਾ, ਇੱਛਾ ਰੱਖਦਾ ਅਤੇ ਕੰਮ ਕਰਦਾ ਹੈ। ਪਰ ਪ੍ਰਮੇਸ਼ਵਰ ਨੂੰ ਵੇਖਿਆ ਨਹੀਂ ਜਾ ਸਕਦਾ ਕਿਉਂਕਿ ਉਹ ਆਤਮਾ ਹੈ ਜੋ ਇੱਕੋ ਵੇਲੇ ਕਿਸੇ ਵੀ ਥਾਂ ਹੋ ਸਕਦਾ ਹੈ (ਯੂਹੰਨਾ 4:24)।

ਤਾਂ ਫਿਰ, ਪ੍ਰਮੇਸ਼ਵਰ ਪਿਤਾ, ਕੌਣ ਹੈ? ਉਹ ਅਨਾਦੀ, ਸਭ ਦਾ ਸਿਰਜਣਹਾਰ, ਸੁਭਾਅ ਵਿਚ ਤਿੰਨ, ਸਭ ਤੋਂ ਬੁੱਧਵਾਨ, ਸਰਵ ਸ਼ਕਤੀਮਾਨ ਅਤੇ ਹਰ ਥਾਂ ਮੌਜੂਦ ਹੈ।

ਪ੍ਰਮੇਸ਼ਵਰ ਨੇ ਸਭ ਕੁਝ ਬਣਾਇਆ, ਇਸ ਲਈ ਸਭ ਕੁਝ ਓਸੇ ਦਾ ਹੈ, ਇਸ ਲਈ ਉਸਨੂੰ ਹੱਕ ਹੈ ਕਿ ਲੋਕ ਉਹਦੀ ਬੰਦਗੀ ਕਰਨ। ਸਾਰੀਆਂ ਭੌਤਿਕ ਵਸਤਾਂ ਉਹਦੀਆਂ ਹਨ, ਧਰਤੀ ਦੇ ਸਭ ਜੀਵ ਜੰਤੂ ਓਸੇ ਦੇ ਹਨ ਅਤੇ ਧਰਤੀ ਦੇ ਸਭ ਲੋਕ ਵੀ ਓਸੇ ਦੇ ਹਨ। ਇਹ ਸਹੀ ਹੈ ਕਿ ਅਸੀਂ ਉਸ ਦੀ ਬੰਦਗੀ ਅਤੇ ਸੇਵਾ ਕਰਦੇ ਹਾਂ। ਉਹਨੂੰ ਛੱਡ ਕੇ ਜੇ ਅਸੀਂ ਕਿਸੇ ਹੋਰ ਤਰ੍ਹਾਂ ਦੇ ਦੇਵਤੇ ਨੂੰ ਖ਼ਾਸ ਵਡਿਆਈ ਦੇ ਕੇ ਉਹਦੀ ਬੰਦਗੀ ਕਰਦੇ ਹਾਂ ਤਾਂ ਅਸੀਂ ਝੂਠ ਦੀ ਬੰਦਗੀ ਅਤੇ ਸੇਵਾ ਕਰ ਰਹੇ ਹਾਂ।

## ਸਾਡੇ ਲਈ ਪ੍ਰਬੰਧ ਕਰਨ ਵਾਲਾ

ਪ੍ਰਮੇਸ਼ਵਰ ਨੇ ਨਾ ਸਿਰਫ਼ ਇਸ ਸੰਸਾਰ ਨੂੰ ਬਣਾਇਆ ਹੀ ਹੈ ਸਗੋਂ ਉਹ ਅੱਜ ਤਕ ਇਸਦੀ ਦੇਖਭਾਲ ਵੀ ਕਰਦਾ ਹੈ। ਉਹ ਇਸ ਨੂੰ ਟੁਕੜੇ-ਟੁਕੜੇ ਹੋ ਕੇ ਖਿੰਡਣ ਤੋਂ, ਖਰਾਬ ਹੋਣ ਤੋਂ, ਜਾਂ ਉਸ ਕੰਮ ਵਿਚ ਨਾਕਾਮ ਹੋਣ ਤੋਂ ਜਿਸ ਲਈ ਇਸ ਨੂੰ ਬਣਾਇਆ ਗਿਆ ਸੀ ਬਚਾਉਂਦਾ ਹੈ (ਕੁਲੁੱਸੀਆਂ 1:16, 17)।

ਤਰਕ ਅਤੇ ਪ੍ਰਕਾਸ਼ (ਇਲਹਾਮ) ਦੋਹਾਂ ਨਾਲ ਹੀ ਇਹ ਸਾਬਤ ਹੋ ਚੁੱਕਿਆ ਹੈ। ਤਰਕ-ਸੰਗਤ ਸੋਚ ਸਾਨੂੰ ਦੱਸਦੀ ਹੈ ਕਿ ਪ੍ਰਮੇਸ਼ਵਰ ਨੇ ਇਸ ਧਰਤੀ ਦੀ ਰਚਨਾ ਕੀਤੀ ਅਤੇ ਅੱਜ ਵੀ ਇਸ ਦਾ ਪ੍ਰਬੰਧ ਕਰ ਰਿਹਾ ਹੈ। ਇਸ ਧਰਤੀ ਦੀ ਕੋਈ ਗੱਲ ਅਜਿਹੀ ਨਹੀਂ ਜਿਸ ਨਾਲ ਇਹ ਆਪਣੇ ਆਪ ਕਾਇਮ ਹੋਵੇ। ਇਹ ਸਪਸ਼ਟ ਹੈ ਕਿ ਕਿਸੇ ਸਰਵ ਸ਼ਕਤੀਸ਼ਾਲੀ ਹੱਥ ਨੇ ਹੀ ਇਸ ਨੂੰ ਥੰਮ੍ਹਿਆ ਹੋਇਆ ਹੈ। ਬੰਦਾ ਤਾਂ ਆਪਣੀ ਸੰਭਾਲ ਨਹੀਂ ਕਰ ਸਕਦਾ। ਉਹ ਉਸ ਹਵਾ ਨੂੰ ਜਿਸ ਵਿਚ ਉਹ ਸਾਹ ਲੈਂਦਾ ਹੈ, ਉਸ ਪਾਣੀ ਨੂੰ ਜੋ ਉਹ ਪੀਂਦਾ ਹੈ ਜਾਂ ਧੁੱਪ ਨੂੰ ਜਿਸ ਦੀ ਉਹਨੂੰ ਲੋੜ ਹੈ, ਨਹੀਂ ਬਣਾ ਸਕਦਾ। ਧਰਤੀ ਦੇ ਚੱਲਣ ਵਿਚ ਉਹਦਾ ਕੋਈ ਹੱਥ ਨਹੀਂ ਹੈ।

ਪ੍ਰਮੇਸ਼ਵਰ ਦੇ ਵਚਨ ਦੇ ਪ੍ਰਕਾਸ਼ ਜਾਂ ਮੁਕਾਸ਼ਫ਼ੇ ਦੀ ਗਵਾਹੀ ਇਹ ਹੈ ਕਿ ਪ੍ਰਮੇਸ਼ਵਰ ਹੀ ਸੰਸਾਰ ਨੂੰ ਸਥਿਰ ਰੱਖਦਾ ਹੈ। ਅਕਾਸ਼ ਅਤੇ ਧਰਤੀ ਦੀ ਰਚਨਾ ਸਮੇਂ ਉਹਨੇ ਆਪਣੇ ਸੰਸਾਰ ਨੂੰ ਬਣਾਈ ਰੱਖਣ ਲਈ ਗਤੀ ਦੇ ਕੁਦਰਤੀ ਨਿਯਮ ਠਹਿਰਾ ਦਿੱਤੇ ਸਨ।

> ਤਾਂ ਪ੍ਰਮੇਸ਼ਵਰ ਨੇ ਆਖਿਆ ਕਿ ਅਕਾਸ਼ ਦੇ ਅੰਬਰ ਵਿਚ ਜੋਤਾਂ ਹੋਣ ਤਾਂ ਜੋ ਉਹ ਦਿਨ ਨੂੰ ਰਾਤ ਤੋਂ ਅੱਡ ਕਰਨ, ਨਾਲੇ ਉਹ ਨਿਸ਼ਾਨਾਂ ਤੇ ਰੁੱਤਾਂ ਤੇ ਦਿਨਾਂ ਤੇ ਵਰ੍ਹਿਆਂ ਲਈ ਹੋਣ (ਉਤਪਤ 1:14)।
>
> ਅਤੇ ਪ੍ਰਮੇਸ਼ਵਰ ਨੇ ਆਖਿਆ, ਵੇਖੋ ਮੈਂ ਤੁਹਾਨੂੰ ਹਰ ਬੀ ਵਾਲਾ ਸਾਗ ਪੱਤ ਜਿਹੜਾ ਸਾਰੀ ਧਰਤੀ ਦੇ ਉੱਤੇ ਹੈ ਤੇ ਹਰ ਬਿਰਛ ਜਿਹ ਦੇ ਵਿਚ ਉਸ ਦਾ ਬੀ ਵਾਲਾ ਫ਼ਲ ਹੈ ਦੇ ਦਿੱਤਾ। ਇਹ ਤੁਹਾਡੇ ਲਈ ਭੋਜਨ ਹੈ। ਅਤੇ ਮੈਂ ਧਰਤੀ ਦੇ ਹਰ ਜਾਨਵਰ ਨੂੰ ਅਰ ਅਕਾਸ਼ ਦੇ ਹਰ ਪੰਛੀ ਨੂੰ ਅਰ ਧਰਤੀ ਉੱਪਰ ਹਰ ਘਿਸਰਨ ਵਾਲੇ ਨੂੰ ਜਿਹ ਦੇ ਵਿਚ ਜੀਵਨ ਦਾ ਸਾਹ ਹੈ, ਖਾਣ ਲਈ ਹਰ ਪ੍ਰਕਾਰ ਦਾ ਸਾਗ ਪੱਤ ਦੇ ਦਿੱਤਾ ਅਤੇ ਉਵੇਂ ਹੀ ਹੋ ਗਿਆ (ਉਤਪਤ 1:29, 30)।

ਉਹ ਕੁਦਰਤ ਦੇ ਨਿਯਮਾਂ ਨੂੰ ਬਣਾਈ ਰੱਖਣ ਦੇ ਇਲਾਵਾ ਸੰਸਾਰ ਅਤੇ ਇਸ ਨਾਲ ਜੁੜੀਆਂ ਸਭ ਸ਼ਕਤੀਆਂ ਨੂੰ ਆਪਣੀ ਰੱਬੀ ਸੰਭਾਲ ਨਾਲ ਜੋੜੀ ਰੱਖਦਾ ਹੈ।

> ਤੂੰ, ਹਾਂ, ਤੂੰ ਹੀ ਕੇਵਲ ਇਕ ਯਹੋਵਾਹ ਹੈਂ। ਤੂੰ ਅਕਾਸ਼ ਅਤੇ ਅਕਾਸ਼ਾਂ ਦੇ ਅਕਾਸ਼ ਵੀ ਅਤੇ ਉਨ੍ਹਾਂ ਦੀ ਸਾਰੀ ਸੈਨਾ, ਧਰਤੀ ਅਤੇ ਉਸ ਦੀਆਂ ਸਾਰੀਆਂ ਚੀਜ਼ਾਂ, ਸਮੁੰਦਰ ਅਤੇ ਜੋ ਕੁਝ ਉਨ੍ਹਾਂ ਦੇ ਵਿਚ ਹੈ ਬਣਾਏ ਅਤੇ ਤੂੰ ਹੀ ਸਾਰਿਆਂ ਦਾ ਜੀਵਨ ਦਾਤਾ ਹੈਂ ਅਤੇ ਅਕਾਸ਼ ਦੀ ਸੈਨਾ ਤੈਨੂੰ ਹੀ ਸਿਜਦਾ ਕਰਦੀ ਹੈ (ਨਹਮਯਾਹ 9:6)।

ਖ਼ਾਸ ਕਰਕੇ, ਉਹ ਮਨੁੱਖਾਂ ਅਤੇ ਜੀਵਾਂ ਨੂੰ ਸੰਭਾਲਦਾ ਹੈ: ''... ਹੇ ਯਹੋਵਾਹ, ਤੂੰ ਆਦਮੀ ਅਤੇ ਡੰਗਰ ਨੂੰ ਬਚਾਉਂਦਾ ਹੈਂ'' (ਜ਼ਬੂਰ 36:6)। ਉਹ ਧਰਤੀ ਦੇ ਸਭ ਪ੍ਰਾਣੀਆਂ ਨੂੰ ਭੋਜਨ ਦਿੰਦਾ ਹੈ: ''ਉਹ ਡੰਗਰਾਂ ਨੂੰ ਉਨ੍ਹਾਂ ਦਾ ਅਹਾਰ ਦਿੰਦਾ ਹੈ, ਨਾਲੇ ਕਾਂਵਾਂ ਦੇ ਬੱਚਿਆਂ ਨੂੰ ਜਦ ਉਹ

ਪੁਕਾਰਦੇ ਹਨ'' (ਜ਼ਬੂਰ 147:9)। ਉਹ ਅਕਾਸ਼ ਦੇ ਪੰਛੀਆਂ ਦਾ ਧਿਆਨ ਰੱਖਦਾ ਹੈ: ''ਅਕਾਸ਼ ਦੇ ਪੰਛੀਆਂ ਵੱਲ ਧਿਆਨ ਕਰੋ ਕਿ ਉਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿਚ ਇਕੱਠੇ ਕਰਦੇ ਹਨ ਪਰ ਤੁਹਾਡਾ ਸਵਰਗੀ ਪਿਤਾ ਉਨ੍ਹਾਂ ਦੀ ਪਿਰਤਪਾਲ ਕਰਦਾ ਹੈ। ਭਲਾ, ਤੁਸੀਂ ਉਨ੍ਹਾਂ ਨਾਲੋਂ ਉੱਤਮ ਨਹੀਂ ਹੋ?'' (ਮੱਤੀ 6:26); ''ਭਲਾ, ਇਕ ਪੈਸੇ ਨੂੰ ਦੋ ਚਿੜੀਆਂ ਨਹੀਂ ਵਿਕਦੀਆਂ? ਅਤੇ ਉਨ੍ਹਾਂ ਵਿੱਚੋਂ ਇਕ ਭੀ ਤੁਹਾਡੇ ਪਿਤਾ ਦੀ ਮਰਜ਼ੀ ਬਿਨਾਂ ਧਰਤੀ ਉੱਤੇ ਨਹੀਂ ਡਿੱਗਦੀ'' (ਮੱਤੀ 10:29)। ਉਹ ਦੁਨੀਆਂ ਦੇ ਸਭ ਦੇਸ਼ਾਂ, ਕੌਮਾਂ 'ਤੇ ਹਕੂਮਤ ਕਰਦਾ ਹੈ: ''ਉਹ ਕੌਮਾਂ ਨੂੰ ਵਧਾਉਂਦਾ ਅਤੇ ਉਨ੍ਹਾਂ ਨੂੰ ਨਾਸ ਕਰਦਾ ਹੈ, ਉਹ ਕੌਮਾਂ ਨੂੰ ਫੈਲਾਉਂਦਾ ਅਤੇ ਉਨ੍ਹਾਂ ਨੂੰ ਮੋੜ ਲੈ ਆਉਂਦਾ ਹੈ'' (ਅੱਯੂਬ 12:23)। ਧਰਮੀਆਂ ਦੀ ਰੱਖਿਆ ਕਰਦਾ ਹੈ ਅਤੇ ਉਨ੍ਹਾਂ ਨੂੰ ਬਰਕਤ ਦਿੰਦਾ ਹੈ: ''ਪਰ ਅਪਰਾਧੀ ਇਕੱਠੇ ਹੀ ਨਾਸ ਹੋ ਜਾਣਗੇ, ਦੁਸ਼ਟਾਂ ਦੀ ਅੰਸ਼ ਛੇਕੀ ਜਾਵੇਗੀ! ਪਰ ਧਰਮੀਆਂ ਦਾ ਬਚਾਓ ਯਹੋਵਾਹ ਵੱਲੋਂ ਹੈ, ਅਰ ਦੁੱਖ ਦੇ ਸਮੇਂ ਉਹ ਉਨ੍ਹਾਂ ਦਾ ਗੜ੍ਹ ਹੈ'' (ਜ਼ਬੂਰ 37:38, 39)। ''ਪਰ ਤੁਹਾਡੇ ਸਿਰ ਦੇ ਵਾਲ ਵੀ ਸਭ ਗਿਣੇ ਹੋਏ ਹਨ'' (ਮੱਤੀ 10:30)। ਆਪਣੀ ਸ਼ਰਨ ਵਿਚ ਆਉਣ ਵਾਲਿਆਂ ਅਤੇ ਆਪਣਾ ਹੁਕਮ ਮੰਨਣ ਵਾਲਿਆਂ ਨੂੰ ਉਹ ਹਮੇਸ਼ਾ ਦੀ ਜ਼ਿੰਦਗੀ ਦਿੰਦਾ ਹੈ: ''ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਉਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ। ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ ਅਰ ਉਨ੍ਹਾਂ ਦਾ ਸਦੀਪਕ ਕਾਲ ਤੀਕ ਕਦੇ ਨਾਸ ਨਾ ਹੋਵੇਗਾ, ਨਾ ਕੋਈ ਉਨ੍ਹਾਂ ਨੂੰ ਮੇਰੇ ਹੱਥੋਂ ਖੋਹ ਲਵੇਗਾ'' (ਮੱਤੀ 10:27, 28)।

ਸੰਸਾਰ ਦੇ ਬਹੁਤੇ ਸ਼ਹਿਰਾਂ ਵਿਚ ਲੋਕਾਂ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਆਵਾਜਾਈ ਦੇ ਸਾਧਨ ਹਨ। ਇਸ ਪ੍ਰਣਾਲੀ ਨੂੰ ਚਲਾਉਣ ਲਈ ਵਰਤੀਆਂ ਜਾਣ ਵਾਲੀਆਂ ਮੋਟਰ ਗੱਡੀਆਂ ਦੀ ਸਾਂਭ ਸੰਭਾਲ ਕਰਨੀ ਜ਼ਰੂਰੀ ਹੁੰਦੀ ਹੈ। ਜੇ ਉਨ੍ਹਾਂ ਦਾ ਤੇਲ ਬਦਲ ਕੇ, ਮੁਰੰਮਤ ਕਰਕੇ ਖ਼ਰਾਬ ਹੋਏ ਪੁਰਜ਼ਿਆਂ ਨੂੰ ਚਾਲੂ ਹਾਲਤ ਵਿਚ ਨਾ ਰੱਖਿਆ ਜਾਵੇ ਤਾਂ ਉਹ ਛੇਤੀ ਹੀ ਕਬਾੜ ਬਣ ਜਾਣ। ਹਰ ਮਸ਼ੀਨ ਦੀ ਸੰਭਾਲ ਜ਼ਰੂਰੀ ਹੈ। ਦੁਨੀਆਂ ਵਿਚ ਕੋਈ ਅਜਿਹੀ ਮਸ਼ੀਨ ਨਹੀਂ ਹੋਵੇਗੀ ਜਿਹਦੀ ਮੁਰੰਮਤ ਦੀ ਲੋੜ ਨਾ ਹੋਵੇ। ਸਾਡੀ ਧਰਤੀ ਵੀ ਇਕ ਬਹੁਤ ਵੱਡੀ ਮਸ਼ੀਨ ਵਾਂਗ ਹੈ। ਇਹਦੀ ਸਾਂਭ ਰੱਖਣਾ ਅਤੇ ਇਹਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ, ਅਤੇ ਬਾਈਬਲ ਦੱਸਦੀ ਹੈ ਕਿ ਸਵਰਗ ਦਾ ਪ੍ਰਮੇਸ਼ਵਰ ਇਸ ਨੂੰ ਇਹਦੇ ਥਾਂ ਤੇ ਸੰਭਾਲੀ ਰੱਖਦਾ ਹੈ (ਇਬਰਾਨੀਆਂ 1:3)।

ਸਾਨੂੰ ਪ੍ਰਮੇਸ਼ਵਰ ਦੇ ਕਿੰਨੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹ ਸਾਡਾ ਧਿਆਨ ਰੱਖਦਾ ਹੈ ਅਤੇ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਮਨੁੱਖ ਦੀ ਭਲਿਆਈ (ਰਸੂਲਾਂ ਦੇ ਕੰਮ 14:17) ਲਈ ਪ੍ਰਮੇਸ਼ਵਰ ਵੱਲੋਂ ਉਹਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ, ਕਿਉਂਕਿ ਉਹ ਭਲੇ ਅਤੇ ਬੁਰੇ ਦੋਹਾਂ ਉੱਤੇ ਹੀ ਆਪਣਾ ਸੂਰਜ ਚਮਕਾਉਂਦਾ ਹੈ (ਮੱਤੀ 5:45)। ਉਹਦੀ ਸੇਵਾ ਕਰਨ ਵਾਲੇ ਸਭ ਲੋਕਾਂ ਵਿਚ ਇਹ ਸਾਬਤ ਹੈ ਕਿ ਜੋ ਲੋਕ ਸਿੱਧੀ ਚਾਲ ਚੱਲਦੇ ਹਨ ਉਹ ਉਨ੍ਹਾਂ ਨੂੰ ਕਿਸੇ ਚੰਗੀ ਚੀਜ਼ ਦੀ ਥੁੜ ਨਹੀਂ ਆਉਣ ਦੇਵੇਗਾ (ਜ਼ਬੂਰ 84:11; ਰੋਮੀਆਂ 8:28)।

## ਸਾਡਾ ਛੁਡਾਉਣ ਵਾਲਾ

ਪ੍ਰਮੇਸ਼ਵਰ ਸਾਡਾ ਛੁਡਾਉਣ ਵਾਲਾ ਭਾਵ ਸਾਡਾ ਮੁਕਤੀ-ਦਾਤਾ ਹੈ। ਉਹ ਸਾਨੂੰ ਪਿਆਰ ਕਰਦਾ ਹੈ ਅਤੇ ਸਾਨੂੰ ਪਾਪ ਤੋਂ ਬਚਾਉਣਾ ਚਾਹੁੰਦਾ ਹੈ। ਅਨੰਤ ਕਾਲ ਲਈ ਸਾਡੀ ਆਸ ਸਿਰਫ਼ ਓਸੇ ਉੱਤੇ ਹੈ।

ਸਾਡੇ ਲਈ ਉਹਦੇ ਪਿਆਰ ਨੂੰ ਸਮਝਣਾ ਔਖਾ ਹੈ। ਉਹਦਾ ਪਿਆਰ ਕਿਸੇ ਵੀ ਮਨੁੱਖ ਦੇ ਪਿਆਰ ਨਾਲੋਂ ਜਿਹਨੂੰ ਅਸੀਂ ਜਾਣਦੇ ਹੋਈਏ, ਮਹਾਨ ਹੈ। ਭਾਵੇਂ ਸਭ ਨੇ ਪਾਪ ਕੀਤਾ ਅਤੇ ਆਪਣੇ ਆਪ ਨੂੰ ਉਹਦੀ ਇੱਛਾ ਤੋਂ ਦੂਰ ਕਰ ਲਿਆ ਤਦ ਵੀ ਉਹ ਸਭ ਲੋਕਾਂ ਨੂੰ ਬਚਾਉਣਾ ਚਾਹੁੰਦਾ ਹੈ। ਉਹਨੇ ਸਾਡੀ ਮੁਕਤੀ ਲਈ ਅੰਤਿਮ ਕੁਰਬਾਨੀ ਦੇਣ ਲਈ ਮਸੀਹ ਨੂੰ ਇਸ ਦੁਨੀਆਂ ਵਿਚ ਭੇਜ ਕੇ ਸਾਡੇ ਸਾਹਮਣੇ ਮੁਕਤੀ ਪਾਉਣ ਦੀ ਪੇਸ਼ਕਸ਼ ਕੀਤੀ ਹੈ।

ਬਿਲਕੁਲ ਧਰਮੀ ਹੋਣ ਕਰਕੇ, ਪ੍ਰਮੇਸ਼ਵਰ ਪਾਪ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਹਮੇਸ਼ਾ ਦੀ ਮੌਤ ਭੋਗੇ ਬਿਨਾਂ ਅਸੀਂ ਆਪਣੇ ਪਾਪਾਂ ਦੀ ਸਜ਼ਾ ਦਾ ਮੁੱਲ ਨਹੀਂ ਭਰ ਸਕਦੇ। ਪ੍ਰਮੇਸ਼ਵਰ ਨੇ ਸਲੀਬ ਉੱਤੇ ਸਾਡੇ ਪਾਪ ਦੀ ਸਜ਼ਾ ਭੋਗਣ ਲਈ ਯਿਸੂ ਨੂੰ ਭੇਜ ਦਿੱਤਾ। ਜੋ ਕੋਈ ਵੀ ਮੁਕਤੀ ਦੇ ਉਹਦੇ ਸੰਦੇਸ਼ ਨੂੰ ਮੰਨ ਕੇ ਅਤੇ ਉਹਦਾ ਹੁਕਮ ਮੰਨ ਕੇ ਉਹਦੇ ਕੋਲ ਆਉਂਦਾ ਹੈ, ਉਹਨੂੰ ਯਿਸੂ ਦੀ ਮੌਤ ਤੋਂ ਮਿਲਣ ਵਾਲੇ ਲਾਭ ਮਿਲਣਗੇ। ਇਸ ਤਰ੍ਹਾਂ ਬਾਈਬਲ ਪ੍ਰਮੇਸ਼ਵਰ ਨੂੰ ਸਾਡੇ ਮੁਕਤੀਦਾਤੇ ਦੇ ਰੂਪ ਵਿਚ ਵਿਖਾਉਂਦੀ ਹੈ (ਤੀਤੁਸ 1:3), ਬਿਲਕੁਲ ਉਵੇਂ ਜਿਵੇਂ ਇਹ ਯਿਸੂ ਨੂੰ ਸਾਡਾ ਮੁਕਤੀ ਦਾਤਾ ਵਿਖਾਉਂਦੀ ਹੈ (ਤੀਤੁਸ 2:13)। ਪ੍ਰਮੇਸ਼ਵਰ ਨੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਸਾਡੇ ਛੁਟਕਾਰੇ ਦੀ ਯੋਜਨਾ ਬਣਾਈ ਸੀ (1 ਪਤਰਸ 1:20)। ਹੁਣ ਉਹ ਬੜੇ ਪਿਆਰ ਨਾਲ ਸਭ ਲੋਕਾਂ ਦੀ ਉਡੀਕ ਕਰਦਾ ਹੈ ਕਿ ਉਹ ਉਹਦਾ ਸੰਦੇਸ਼ ਸੁਣ ਕੇ, ਤੌਬਾ ਕਰਨ (ਅਰਥਾਤ ਆਪਣੇ ਮਨ ਅਤੇ ਜੀਵਨ ਬਦਲ ਦੇਣ) ਅਤੇ ਉਹਦੇ ਵੱਲੋਂ ਪੇਸ਼ ਕੀਤੀ ਗਈ ਮੁਕਤੀ ਨੂੰ ਪਾ ਲੈਣ (2 ਪਤਰਸ 3:9)।

ਇਕ ਮੁੰਡੇ ਦੀ ਕਲਪਨਾ ਕਰੋ ਜਿਹਦਾ ਪਿਤਾ ਉਹਨੂੰ ਗਾਲੀ-ਗਲੋਚ ਕਰਦਾ ਰਹਿੰਦਾ ਹੈ। ਉਹਦਾ ਪਿਤਾ ਉਹਦੇ ਨਾਲ ਗੱਲ ਸਿਰਫ਼ ਉਹਨੂੰ ਕੁੱਟਣ ਲਈ ਹੀ ਕਰਦਾ ਹੈ। ਜਦ ਵੀ ਉਹ ਮੁੰਡਾ ਕੋਈ ਗਲਤੀ ਕਰਦਾ ਹੈ, ਉਹਦਾ ਪਿਤਾ ਉਹਨੂੰ ਕੁੱਟ ਦਿੰਦਾ ਹੈ। ਕਈ ਸਾਲ ਤਕ ਆਪਣੇ ਪਿਤਾ ਨਾਲ ਇਸ ਤਰ੍ਹਾਂ ਬਿਤਾਉਣ ਦੇ ਬਾਅਦ ਉਸ ਮੁੰਡੇ ਨੂੰ ਆਪਣਾ ਪਿਤਾ ਇਕ ਪ੍ਰੇਮੀ ਪਿਤਾ ਨਹੀਂ ਸਗੋਂ ਇਕ ਜ਼ਾਲਮ ਜੱਜ ਲੱਗਣ ਲਗਦਾ ਹੈ। ਉਹ ਆਪਣੇ ਪਿਤਾ ਤੋਂ ਸਹਿਮਦਾ ਤਾਂ ਹੈ, ਪਰ ਉਹਦੇ ਨਾਲ ਪਿਆਰ ਨਹੀਂ ਕਰਦਾ ਹੈ। ਉਸ ਨੂੰ ਉਹਦੇ ਨਾਲ ਰਹਿਣ ਵਿਚ ਕੋਈ ਖ਼ੁਸ਼ੀ ਨਹੀਂ ਹੁੰਦੀ। ਜਦ ਵੀ ਉਹਦੇ ਕੰਨਾਂ ਵਿਚ ''ਪਿਤਾ'' ਸ਼ਬਦ ਗੂੰਜਦਾ ਹੈ, ਤਾਂ ਉਹਨੂੰ ਲਗਦਾ ਹੈ ਜਿਵੇਂ ਉਹਨੂੰ ਥੱਪੜ ਪਿਆ ਜਾਂ ਕੁੱਟ ਪਈ ਹੋਵੇ। ਇਸ ਵਿਚਾਰੇ ਮੁੰਡੇ ਨੂੰ ''ਪਿਤਾ'' ਸ਼ਬਦ ਦੇ ਖ਼ੂਬਸੂਰਤ ਅਰਥ ਨੂੰ ਸਮਝਣ ਵਿਚ ਔਖ ਹੋਵੇਗੀ, ਜੋ ਅਸਲ 'ਚ ਇਹ ਸ਼ਬਦ ਦੇਣਾ ਚਾਹੁੰਦਾ ਸੀ।

''ਪ੍ਰਮੇਸ਼ਵਰ'' ਸ਼ਬਦ ਬਾਰੇ ਵੀ ਕੁਝ ਲੋਕਾਂ ਦੀ ਭਾਵਨਾ ਅਜਿਹੀ ਹੀ ਹੈ । ਉਨ੍ਹਾਂ ਨੂੰ ਜ਼ਿੰਦਗੀ ਭਰ ਇਹੀ ਦੱਸਿਆ ਜਾਂਦਾ ਰਿਹਾ ਹੈ ਕਿ ਉਹ ਪ੍ਰਮੇਸ਼ਵਰ ਨੂੰ ਸਿਰਫ਼ ਇਕ ਨਿਆਂ ਕਰਨ ਵਾਲੇ ਦੇ ਰੂਪ ਵਿਚ ਵੇਖਣ, ਜੋ ਇਸ ਉਡੀਕ ਵਿਚ ਰਹਿੰਦਾ ਹੈ ਕਿ ਕਦ ਉਹ ਗਲਤੀ ਕਰਨ ਅਤੇ ਉਹ ਉਨ੍ਹਾਂ ਨੂੰ ਨਰਕ ਵਿਚ ਸੁੱਟ ਕੇ ਸਜ਼ਾ ਦੇਵੇ। ਯਿਸੂ ਨੇ ਸਿਖਾਇਆ ਕਿ ਅਸੀਂ ਪ੍ਰਮੇਸ਼ਵਰ ਨੂੰ ਆਪਣੇ ਪਿਤਾ ਦੇ ਰੂਪ ਵਿਚ ਵੇਖੀਏ। ਉਸ ਨੇ ਕਿਹਾ ਕਿ ਅਸੀਂ ਦੁਆ ਕਰਨ ਵੇਲੇ ਉਸ ਨੂੰ ''ਹੇ ਪਿਤਾ'' ਕਹਿ ਕੇ ਸੰਬੋਧਿਤ ਕਰੀਏ (ਮੱਤੀ 6:9)। ਉਹਨੇ ਕਿਹਾ ਕਿ ਪ੍ਰਮੇਸ਼ਵਰ ਸਾਨੂੰ ਐਨਾ ਪਿਆਰ ਕਰਦਾ ਹੈ ਕਿ ਉਹ ਸਾਡੇ ਲਈ ਵੱਡੀ ਤੋਂ ਵੱਡੀ ਕੁਰਬਾਨੀ ਵੀ ਦੇ ਸਕਦਾ ਹੈ (ਯੂਹੰਨਾ 3:16)। ਜਿੰਨਾ ਪਿਆਰ ਉਹਨੇ ਸਾਨੂੰ ਕੀਤਾ, ਉਸ ਤੋਂ ਵੱਧ ਪਿਆਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਹ ਸਾਡੀ ਸੰਗਤੀ ਚਾਹੁੰਦਾ ਹੈ, ਅਤੇ ਜੇ ਅਸੀਂ ਉਹਦੀ ਗੱਲ ਮੰਨ ਲਈਏ ਤਾਂ ਉਹ ਸਾਡੇ ਦਰਮਿਆਨ ਰਹੇਗਾ (ਯੂਹੰਨਾ 14:23)। ਜੇ ਅਸੀਂ ਪਾਪ ਵਿਚ ਭਟਕ ਕੇ ਉਹਦੇ ਕੋਲੋਂ ਦੂਰ ਨਿੱਕਲ ਜਾਈਏ, ਤਾਂ ਤੌਬਾ ਕਰਕੇ ਸਾਡੇ ਵਾਪਸ ਆਉਣ ਤੇ ਉਹ ਪਿਆਰ ਨਾਲ ਮਾਫ਼

ਕਰਕੇ ਸਾਨੂੰ ਕਬੂਲ ਕਰ ਲਏਗਾ (ਲੂਕਾ 15: 19-32)।

ਪ੍ਰਮੇਸ਼ਵਰ ਨੇ ਸਾਡੇ ਲਈ ਐਨਾ ਕੁਝ ਕੀਤਾ ਹੈ ਜਿੰਨਾ ਕੋਈ ਵੀ ਇਨਸਾਨ ਸਾਡੇ ਲਈ ਨਹੀਂ ਕਰ ਸਕਦਾ ਹੈ। ਸਾਨੂੰ ਉਹਦੇ ਮਹਾਨ ਪਿਆਰ ਨੂੰ ਕਿਵੇਂ ਕਬੂਲ ਕਰਨਾ ਚਾਹੀਦਾ ਹੈ? ਸਾਨੂੰ ਵੀ ਉਹਦੇ ਨਾਲ ਪਿਆਰ ਕਰਨਾ ਚਾਹੀਦਾ ਹੈ, ਆਪਣਾ ਪਿਆਰ ਵਿਖਾਉਣ ਲਈ ਉਹਦੇ ਵਚਨ ਨੂੰ ਮੰਨਣਾ ਅਤੇ ਸਿਰਫ਼ ਉਹਨੂੰ ਹੀ ਪ੍ਰਮੇਸ਼ਵਰ ਜਾਣ ਕੇ ਉਹਦੀ ਬੰਦਗੀ ਕਰਨੀ ਚਾਹੀਦੀ ਹੈ। ਉਹਦੇ ਸਾਹਮਣੇ ਸਾਨੂੰ ਭੈਅ ਅਤੇ ਆਦਰ ਨਾਲ ਚੱਲਣਾ ਚਾਹੀਦਾ ਹੈ।

## ਸਾਡਾ ਨਿਆਂ ਕਰਨ ਵਾਲਾ

ਪ੍ਰਮੇਸ਼ਵਰ ਪ੍ਰੇਮੀ, ਕਿਰਪਾਲੂ ਪਿਤਾ ਤਾਂ ਹੈ ਹੀ, ਪਰ ਉਹ ਸਾਡਾ ਨਿਆਂ ਕਰਨ ਵਾਲਾ ਵੀ ਹੋਵੇਗਾ। ਸਮੇਂ ਦੇ ਮੁੱਕਣ ਤੇ ਸਾਨੂੰ ਉਹਦੇ ਕੋਲ ਹਿਸਾਬ ਦੇਣਾ ਪਵੇਗਾ।

ਵਾਜਬ ਤਾਂ ਇਹੀ ਹੈ ਕਿ ਸਾਡੇ ਵਿਚ ਹਰ ਕੋਈ ਆਪਣਾ ਲੇਖਾ ਉਸਨੂੰ ਦੇਵੇ, ਜਿਸ ਨੇ ਸਾਨੂੰ ਬਣਾਇਆ ਹੈ ਅਤੇ ਬਾਈਬਲ ਓਸੇ ਦੇ ਸੱਚਾ ਹੋਣ ਦਾ ਐਲਾਨ ਕਰਦੀ ਹੈ (ਪ੍ਰਕਾਸ਼ ਦੀ ਪੋਥੀ 20: 12)। ਪ੍ਰਮੇਸ਼ਵਰ ਸਾਡਾ ਨਿਆਂ ਕਿਵੇਂ ਕਰੇਗਾ? ਉਹ ਇਕ ਇਕ ਬੰਦੇ ਦਾ ਨਿਆਂ ਕਰੇਗਾ ਜਿਸ ਵਿਚ ਹਰ ਕਿਸੇ ਨੂੰ ਆਪਣਾ ਲੇਖਾ ਦੇਣਾ ਪਵੇਗਾ (ਰੋਮੀਆਂ 14: 12)। ਉਹਦਾ ਨਿਆਂ ਸਪਸ਼ਟ ਹੋਵੇਗਾ, ਜਿਸ ਵਿਚ ਹਰ ਕਿਸੇ ਨੂੰ ਜੋ ਕੁਝ ਉਸ ਨੇ ਬੋਲਿਆ (ਮੱਤੀ 12:36, 37) ਅਤੇ ਕੀਤਾ (2 ਕੁਰਿੰਥੀਆਂ 5: 10) ਉਸ ਸਭ ਦਾ ਲੇਖਾ ਦੇਣਾ ਪਵੇਗਾ। ਉਹ ਸਾਰੀ ਦੁਨੀਆਂ ਦਾ ਨਿਆਂ ਕਰੇਗਾ, ਜਿਸ ਵਿਚ ਸਭ ਕੌਮਾਂ ਉਹਦੇ ਸਾਹਮਣੇ ਇਕੱਠੀਆਂ ਕੀਤੀਆਂ ਜਾਣਗੀਆਂ (ਮੱਤੀ 25: 32)।

ਪ੍ਰਮੇਸ਼ਵਰ ਸਾਡਾ ਨਿਆਂ ਯਿਸੂ ਮਸੀਹ ਦੇ ਰਾਹੀਂ ਕਰੇਗਾ। ਧਾਰਮਿਕਤਾ ਦੇ ਆਪਣੇ ਮਾਪ-ਦੰਡ ਨਾਲ (ਰਸੂਲਾਂ ਦੇ ਕੰਮ 17:30, 31), ਉਹਦਾ ਨਿਆਂ ਅੰਤਿਮ ਅਤੇ ਹਮੇਸ਼ਾ ਲਈ ਹੋਵੇਗਾ (ਮੱਤੀ 25:46)। ਇਕ ਵਾਰ ਉਹਦਾ ਫ਼ੈਸਲਾ ਆ ਜਾਣ ਦੇ ਬਾਅਦ ਕੋਈ ਅਪੀਲ ਨਹੀਂ ਹੋਵੇਗੀ।

ਇਕ ਜਵਾਨ ਦੀ ਕਹਾਣੀ ਹੈ ਜੋ ਦੋ ਕਾਰਾਂ ਦੀ ਟੱਕਰ ਵਿਚ ਬੇਹੋਸ਼ ਹੋ ਗਿਆ ਸੀ। ਐਕਸੀਡੈਂਟ ਦੇ ਇਕ ਚਸ਼ਮਦੀਦ ਨੇ ਦੋਹਾਂ ਗੱਡੀਆਂ ਨੂੰ ਅੱਗ ਲੱਗਣ ਤੋਂ ਕੁਝ ਸਕਿੰਟ ਪਹਿਲਾਂ ਉਸ ਮੁੰਡੇ ਨੂੰ ਖਿੱਚ ਕੇ ਬਚਾ ਲਿਆ। ਸੜ ਕੇ ਉਹ ਮਰ ਵੀ ਸਕਦਾ ਸੀ।

ਬਚਾਏ ਜਾਣ ਦੇ ਬਾਅਦ, ਉਸ ਨੌਜਵਾਨ ਨੇ ਅੱਖਾਂ ਖੋਲ੍ਹ ਕੇ ਉਸ ਬੰਦੇ ਦੇ ਚਿਹਰੇ ਨੂੰ ਵੇਖਿਆ ਜਿਹਨੇ ਉਹਦੀ ਜਾਨ ਬਚਾਈ ਸੀ। ਉਹ ਸ਼ਕਲ ਉਹਨੂੰ ਕਦੇ ਨਹੀਂ ਭੁੱਲੀ। ਐਕਸੀਡੈਂਟ ਵਿਚ ਲੱਗੀਆਂ ਉਹਦੀਆਂ ਸੱਟਾਂ ਠੀਕ ਹੋ ਗਈਆਂ ਅਤੇ ਕਈ ਸਾਲ ਬੀਤ ਗਏ। ਜਦ ਉਹ ਬੁੱਢਾ ਹੋ ਗਿਆ, ਤਾਂ ਇਕ ਗੰਭੀਰ ਸੰਕਟ ਵਿਚ ਪੈ ਗਿਆ। ਉਹਨੇ ਕਾਨੂੰਨ ਤੋੜਿਆ ਅਤੇ ਆਪਣੇ ਇਸ ਅਪਰਾਧ ਕਾਰਣ ਉਹ ਫੜਿਆ ਗਿਆ। ਮੁਕੱਦਮੇ ਲਈ ਜਦ ਉਹਨੂੰ ਜੱਜ ਦੇ ਸਾਹਮਣੇ ਲਿਆਂਦਾ ਗਿਆ, ਤਾਂ ਉਹ ਦੰਗ ਰਹਿ ਗਿਆ; ਕਿਉਂਕਿ ਉਹਨੇ ਪਛਾਣ ਲਿਆ ਸੀ ਕਿ ਜੱਜ ਉਹੀ ਬੰਦਾ ਸੀ ਜਿਸਨੇ ਕਈ ਸਾਲ ਪਹਿਲਾਂ ਉਹਨੂੰ ਬਚਾਇਆ ਸੀ। ਬਿਨਾਂ ਕਿਸੇ ਝਿਜਕ ਦੇ ਉਹ ਬੋਲ ਉਠਿਆ, ''ਸਾਹਿਬ, ਕੀ ਤੁਹਾਨੂੰ ਮੇਰੀ ਸ਼ਕਲ ਯਾਦ ਹੈ? ਕਈ ਸਾਲ ਪਹਿਲਾਂ ਟੱਕਰ ਹੋਈ ਇਕ ਗੱਡੀ ਵਿੱਚੋਂ ਤੁਸੀਂ ਮੈਨੂੰ ਖਿੱਚ ਕੇ ਕੱਢਿਆ ਸੀ ਅਤੇ ਮੇਰੀ ਜਾਨ ਬਚਾਈ ਸੀ।'' ਜੱਜ ਨੇ ਯਾਦ ਕਰਦਿਆਂ ਕਿਹਾ, ''ਹਾਂ, ਮੈਨੂੰ ਯਾਦ ਹੈ। ਜਿਸ ਆਦਮੀ ਨੂੰ ਮੈਂ ਬਚਾਇਆ ਸੀ ਮੈਂ ਉਹਦਾ ਭਲਾ ਚਾਹੁੰਦਾ ਸਾਂ। ਪਰ ਤੈਨੂੰ ਇਹ ਹਕੀਕਤ ਵੀ ਯਾਦ ਹੋਣੀ ਚਾਹੀਦੀ ਹੈ ਕਿ ਕਈ

ਸਾਲ ਪਹਿਲਾਂ ਜਦ ਮੈਂ ਤੈਨੂੰ ਉਸ ਗੱਡੀ ਵਿੱਚੋਂ ਖਿੱਚ ਕੇ ਬਚਾਇਆ ਸੀ, ਤਾਂ ਮੈਂ ਤੇਰਾ ਬਚਾਉਣ ਵਾਲਾ ਸਾਂ, ਪਰ ਇਸ ਵੇਲੇ ਮੈਂ ਜੱਜ ਦੀ ਹੈਸੀਅਤ ਨਾਲ ਤੇਰੇ ਸਾਹਮਣੇ ਹਾਂ।''

ਬਾਈਬਲ ਵਿਚ ਪ੍ਰਮੇਸ਼ਵਰ ਨੂੰ ਸਾਡਾ ਬਚਾਉਣ ਵਾਲਾ ਵੀ ਅਤੇ ਸਾਡਾ ਨਿਆਂ ਕਰਨ ਵਾਲਾ ਵੀ ਵਿਖਾਇਆ ਗਿਆ ਹੈ। ਉਹਨੇ ਸਾਨੂੰ ਪਾਪ ਤੋਂ ਛੁਡਾਉਣ ਲਈ ਆਪਣੇ ਪੁੱਤਰ ਨੂੰ ਭੇਜਿਆ। ਸਾਨੂੰ ਬਚਾਉਣ ਲਈ ਉਹਨੇ ਸਭ ਤੋਂ ਵੱਡੀ ਕੁਰਬਾਨੀ ਦੇ ਦਿੱਤੀ ਹੈ। ਜੇ ਅਸੀਂ ਉਹਦੀ ਨਾ ਸੁਣੀਏ, ਉਹਦੀ ਮੁਕਤੀ ਨੂੰ ਨਕਾਰ ਦੇਈਏ ਤਾਂ ਕੀ ਮਿਲੇਗਾ? ਫਿਰ ਉਹ ਸਾਨੂੰ ਦੋਸ਼ੀ ਠਹਿਰਾਏਗਾ, ਕਿਉਂਕਿ ਉਹ ਸਦਾ ਲਈ ਸਾਡਾ ਨਿਆਂ ਕਰਨ ਵਾਲਾ ਸਾਡਾ ਜੱਜ ਹੈ।

ਜ਼ਿੰਦਗੀ ਵਿਚ ਸਾਨੂੰ ਇਕ ਵੱਡੀ ਜ਼ਿੰਮੇਵਾਰੀ ਮਿਲੀ ਹੈ। ਇਹ ਜਾਣਦਿਆਂ ਕਿ ਪ੍ਰਮੇਸ਼ਵਰ ਕੌਣ ਹੈ, ਸਾਨੂੰ ਉਹਦੀ ਗੱਲ ਮੰਨ ਕੇ ਉਹਦੀ ਇੱਛਾ ਸਾਹਮਣੇ ਸਮਰਪਣ ਕਰ ਦੇਣਾ ਚਾਹੀਦਾ ਹੈ। ਉਸ ਨੂੰ ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਜਾਣ ਕੇ ਸਾਨੂੰ ਸਿਰਫ਼ ਓਸੇ ਦੀ ਬੰਦਗੀ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਦਾ ਜਵਾਬ ਦੇਣ ਲਈ ਉਹਦੇ ਵਚਨ ਨੂੰ ਖੋਲ੍ਹਣਾ ਅਤੇ ਧਿਆਨ ਨਾਲ ਉਹਦਾ ਅਧਿਐਨ ਕਰਨਾ ਜ਼ਰੂਰੀ ਹੈ। ਉਹ ਸਾਡਾ ਅਨੰਤ ਨਿਆਂ ਕਰਨ ਵਾਲਾ ਹੀ ਨਹੀਂ; ਸਗੋਂ ਸਾਡਾ ਪ੍ਰੇਮੀ ਮੁਕਤੀ ਦਾਤਾ ਵੀ ਬਣਨਾ ਚਾਹੁੰਦਾ ਹੈ।

## ਸਾਰ

ਪ੍ਰਮੇਸ਼ਵਰ ਬਾਰੇ ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿਚ, ਅਸੀਂ ਵਿਚਾਰ ਦਿੱਤੇ ਬਗੈਰ ਨਹੀਂ ਰਹਿ ਸਕਦੇ ਹਾਂ। ਉਹਦੇ ਬਾਰੇ ਕੋਈ ਫ਼ੈਸਲਾ ਲੈਣਾ ਹੀ ਪਵੇਗਾ। ਉਸ ਨੂੰ ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਕਬੂਲ ਕਰਨਾ ਅਤੇ ਵਿਸ਼ਵਾਸ ਨਾਲ ਹੁਕਮ ਮੰਨ ਕੇ ਉਹਦੀ ਸੇਵਾ ਕਰਨਾ ਹੀ ਸਹੀ ਜਵਾਬ ਹੋਵੇਗਾ।

ਸਕੂਲ ਵਿਚ ਇਕ ਅਧਿਆਪਕਾ ਆਪਣੀ ਜਮਾਤ ਵਿਚ ਬੱਚਿਆਂ ਨੂੰ ਦੱਸ ਰਹੀ ਸੀ, ''ਸਵੀਡਨ ਦੇ ਕਾਰਲ ਸ਼ੀਲੇ ਅਤੇ ਇੰਗਲੈਂਡ ਦੇ ਜੋਜ਼ਫ਼ ਪ੍ਰਿਸਲੇ ਨਾਮਕ ਦੋ ਵਿਗਿਆਨੀਆਂ ਨੇ, 1775 ਦੇ ਲਗਭਗ ਆਕਸੀਜਨ ਦੀ ਖੋਜ ਕੀਤੀ।'' ਇਕ ਛੋਟੀ ਕੁੜੀ ਨੇ ਝੱਟ ਆਪਣਾ ਹੱਥ ਖੜਾ ਕਰਕੇ ਪੁੱਛਿਆ, ''ਆਕਸੀਜਨ ਦੀ ਖੋਜ ਤੋਂ ਪਹਿਲਾਂ ਲੋਕ ਸਾਹ ਕਿਵੇਂ ਲੈਂਦੇ ਸਨ?'' ਤਾਂ ਉਸ ਅਧਿਆਪਕਾ ਨੂੰ ਸਮਝਾਉਣਾ ਪਿਆ ਕਿ ਆਕਸੀਜਨ ਤਾਂ ਸਾਡੇ ਵਾਤਾਵਰਣ ਵਿਚ ਪਹਿਲਾਂ ਤੋਂ ਹੀ ਮੌਜੂਦ ਹੈ ਪਰ ਸਾਨੂੰ ਇਸ ਦਾ ਪਤਾ ਨਹੀਂ ਸੀ ਜਾਂ ਇਨ੍ਹਾਂ ਵਿਗਿਆਨੀਆਂ ਦੀ ਖੋਜ ਕਰਨ ਤੋਂ ਪਹਿਲਾਂ ਇਸ ਨੂੰ ਇਹ ਨਾਮ ਨਹੀਂ ਸੀ ਦਿੱਤਾ ਗਿਆ ਸੀ।

ਸਾਡਾ ਸੰਸਾਰ ਦੋ ਤਰ੍ਹਾਂ ਦੇ ਯਥਾਰਥਾਂ ਨਾਲ ਬਣਿਆ ਹੈ; ਇਕ ਉਹ ਯਥਾਰਥ ਹਨ ਜਿਨ੍ਹਾਂ ਨੂੰ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹਾਂ ਅਤੇ ਹੱਥਾਂ ਨਾਲ ਛੂਹ ਸਕਦੇ ਹਾਂ, ਅਤੇ ਦੂਜੇ ਉਹ ਹਨ ਜਿਨ੍ਹਾਂ ਨੂੰ ਅਸੀਂ ਵੇਖ ਜਾਂ ਛੂਹ ਨਹੀਂ ਸਕਦੇ। ਪਹਿਲੇ ਵਾਲੇ ਯਥਾਰਥਾਂ ਨੂੰ ਅਸੀਂ ਸਪਸ਼ਟ ਵੇਖ ਸਕਦੇ ਹਾਂ, ਕਿਉਂਕਿ ਅਸੀਂ ਉਨ੍ਹਾਂ ਵਿਚ ਕੰਮ ਕਰਦੇ ਅਤੇ ਉਨ੍ਹਾਂ ਨੂੰ ਛੂਹ ਸਕਦੇ ਹਾਂ। ਦੂਜੀ ਤਰ੍ਹਾਂ ਦੇ ਯਥਾਰਥ ਸਾਡੇ ਲਈ ਸਪਸ਼ਟ ਨਹੀਂ ਹਨ। ਉਨ੍ਹਾਂ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ। ਅਸੀਂ ਇਹ ਤਾਂ ਜਾਣਦੇ ਹਾਂ ਕਿ ਉਹ ਹਨ, ਪਰ ਕਈ ਵਾਰ ਉਹ ਸਾਡੇ ਵਿਚਾਰਾਂ ਦੇ ਪਿੱਛੇ ਵੀ ਹੁੰਦੀਆਂ ਹਨ। ਹੋ ਸਕਦਾ ਹੈ ਕਿ ਸਾਨੂੰ ਮਨ ਵਿਚ ਪਤਾ ਹੋਵੇ ਕਿ ਹਵਾ ਵਿਚ ਪੰਜਵਾਂ ਹਿੱਸਾ ਆਕਸੀਜਨ ਹੈ ਅਤੇ ਅਸੀਂ ਉਸ ਦੇ ਬਿਨਾ ਸਾਹ ਨਹੀਂ ਲੈ ਸਕਦੇ, ਪਰ ਅਸੀਂ ਇਸ ਬਾਰੇ ਸੋਚਦੇ ਹੀ ਨਹੀਂ ਹਾਂ-ਬੱਸ ਸਾਹ ਲਈ ਜਾਂਦੇ ਹਾਂ। ਅਸੀਂ ਪੈਨਸਿਲ ਬਾਰੇ ਜ਼ਿਆਦਾ ਜਾਣਦੇ ਹਾਂ ਕਿਉਂਕਿ ਇਸ ਨੂੰ ਵੇਖ ਕੇ ਹੱਥ ਨਾਲ ਚੁੱਕ ਸਕਦੇ ਹਾਂ ਅਤੇ ਇਸ ਨਾਲ ਲਿਖ ਸਕਦੇ ਹਾਂ,

ਪਰ ਹਵਾ ਨੂੰ ਅਸੀਂ ਵੇਖ ਨਹੀਂ ਸਕਦੇ ਜੋ ਕਿ ਇਕ ਅਦ੍ਰਿਸ਼ ਯਥਾਰਥ ਹੈ।

ਭਾਵ ਇਹ ਕਿ ਕੁਝ ਯਥਾਰਥਾਂ ਨੂੰ ਨਾ ਵੇਖ ਸਕਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਉਹ ਸਾਡਾ ਖ਼ਿਆਲ ਹੀ ਹਨ। ਉਹ ਵੀ ਉਨ੍ਹਾਂ ਵਸਤਾਂ ਵਾਂਗ ਹੀ ਹਕੀਕਤ ਹਨ ਜਿਨ੍ਹਾਂ ਨੂੰ ਅਸੀਂ ਵੇਖ ਸਕਦੇ ਹਾਂ, ਭਾਵੇਂ ਵੇਖ ਜਾਂ ਛੂਹ ਨਾ ਸਕੀਏ।

ਸਭ ਤੋਂ ਵੱਡਾ ਯਥਾਰਥ ਪ੍ਰਮੇਸ਼ਵਰ ਹੈ ਜਿਸ ਨੂੰ ਅਸੀਂ ਵੇਖ ਨਹੀਂ ਸਕਦੇ। ਅਸੀਂ ਉਹਨੂੰ ਇਨ੍ਹਾਂ ਹੱਥਾਂ ਨਾਲ ਛੂਹ ਨਹੀਂ ਸਕਦੇ, ਪਰਖਨਲੀ ਵਿਚ ਪਾ ਕੇ ਉਹਦਾ ਵਿਸ਼ਲੇਸ਼ਣ ਨਹੀਂ ਕਰ ਸਕਦੇ ਅਤੇ ਆਪਣੀਆਂ ਇਨ੍ਹਾਂ ਅੱਖਾਂ ਨਾਲ ਉਹਨੂੰ ਵੇਖ ਨਹੀਂ ਸਕਦੇ; ਪਰ ਫਿਰ ਵੀ ਉਹ ਸਭ ਤੋਂ ਵੱਡਾ ਯਥਾਰਥ ਹੈ। ਉਹ ਹਰ ਯਥਾਰਥ ਦਾ ਅਧਾਰ ਹੈ, ਉਹ ਯਥਾਰਥ ਵਿਖਾਈ ਦੇਣ ਵਾਲਾ ਹੋਵੇ ਜਾਂ ਅਦਿੱਖ।

ਇਕ ਮਿਸ਼ਨਰੀ ਕੁਝ ਲੋਕਾਂ ਨੂੰ ਸੱਚੇ ਪ੍ਰਮੇਸ਼ਵਰ ਬਾਰੇ ਦੱਸ ਰਿਹਾ ਸੀ। ਉਹਨੇ ਪ੍ਰਮੇਸ਼ਵਰ ਦੇ ਸਰਵ ਸ਼ਕਤੀਮਾਨ ਹੋਣ, ਉਹਦੇ ਪਿਆਰ ਅਤੇ ਉਹਦੀ ਬੁੱਧ ਬਾਰੇ ਦੱਸਿਆ। ਇਕ ਬਜ਼ੁਰਗ ਉਹਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਿਹਾ ਸੀ। ਕੁਝ ਦੇਰ ਬਾਅਦ ਉਹ ਬਜ਼ੁਰਗ ਖਲੋ ਕੇ ਪੁਕਾਰ ਉੱਠਿਆ, ''ਮੈਨੂੰ ਇਹ ਤਾਂ ਪਤਾ ਸੀ ਕਿ ਉਹ ਪ੍ਰਮੇਸ਼ਵਰ ਹੀ ਹੈ, ਪਰ ਉਹਦਾ ਨਾਂਅ ਅੱਜ ਤਕ ਮੈਨੂੰ ਨਹੀਂ ਪਤਾ ਸੀ!''

ਪ੍ਰਮੇਸ਼ਵਰ ਸਾਡਾ ਸਿਰਜਣਹਾਰ, ਛੁਡਾਉਣ ਵਾਲਾ ਅਤੇ ਨਿਆਂ ਕਰਨ ਵਾਲਾ ਹੈ। ਜੋ ਵੀ ਪ੍ਰਮੇਸ਼ਵਰ ਦੀ ਹੋਂਦ ਦਾ ਇਨਕਾਰ ਕਰਦਾ ਹੈ ਜਾਂ ਉਹਦੀ ਗੱਲ ਮੰਨਣ ਅਤੇ ਉਹਦੀ ਸੇਵਾ ਕਰਨ ਵਿਚ ਨਾਕਾਮ ਹੁੰਦਾ ਹੈ, ਇਹ ਉਹਦੀ ਸਭ ਤੋਂ ਵੱਡੀ ਭੁੱਲ ਹੈ। ਉਸ ਨੇ ਮਨੁੱਖ ਦੀ ਹੋਂਦ ਅਤੇ ਸੰਸਾਰ ਦੀ ਹੋਂਦ ਦੇ ਪਿੱਛੇ ਹੀ ਮਹਾਨ ਸੱਚਿਆਈ ਦਾ ਇਨਕਾਰ ਕਰਕੇ ਆਪਣੇ ਬਣਾਉਣ ਵਾਲੇ ਨੂੰ ਨਕਾਰਿਆ ਹੈ। ਤੁਸੀਂ ਇਹ ਗਲਤੀ ਨਾ ਕਰਿਓ! ਪ੍ਰਮੇਸ਼ਵਰ ਨੂੰ ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਮੰਨੋ ਅਤੇ ਉਹਦੀ ਬੰਦਗੀ ਕਰੋ; ਉਹਦੇ ਸਾਹਮਣੇ ਦੀਨਤਾ ਨਾਲ ਝੁਕ ਕੇ ਉਹਦਾ ਹੁਕਮ ਮੰਨੋ।

ਪ੍ਰਮੇਸ਼ਵਰ ਤੁਹਾਡੇ ਨਾਲ ਪਿਆਰ ਕਰਦਾ ਹੈ ਅਤੇ ਤੁਹਾਨੂੰ ਆਪਣੇ ਪਰਿਵਾਰ ਵਿਚ ਅਪਣਾਉਣ ਦਾ ਸੱਦਾ ਦਿੰਦਾ ਹੈ। ਉਹ ਚਾਹੁੰਦਾ ਹੈ ਕਿ ਇਸ ਜ਼ਿੰਦਗੀ ਵਿਚ ਤੁਸੀਂ ਹਰ ਰੋਜ਼ ਉਹਦੀ ਸੰਗਤੀ ਵਿਚ ਉਹਦੇ ਨਾਲ ਚੱਲੋ। ਉਹ ਤੁਹਾਨੂੰ ਆਪਣੇ ਨਾਲ ਹਮੇਸ਼ਾ ਲਈ ਉਸ ਅਬਦੀ ਜਾਂ ਅਨਾਦੀ ਨਗਰ ਵਿਚ ਲੈ ਜਾਣਾ ਚਾਹੁੰਦਾ ਹੈ ਜਿਸ ਨੂੰ ਸਵਰਗ ਆਖਦੇ ਹਨ।

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ''ਪ੍ਰਮੇਸ਼ਵਰ'' ਸ਼ਬਦ ਅਸਲ 'ਚ ਇੱਕੋ ਦੇ ਲਈ ਹੀ ਹੈ। ਕਿਉਂ?
2. ਪੁਰਾਣੇ ਨੇਮ ਦੀਆਂ ਉਨ੍ਹਾਂ ਆਇਤਾਂ ਦੀ ਸੂਚੀ ਬਣਾਓ ਜਿਨ੍ਹਾਂ ਤੋਂ ਖ਼ੁਦਾਈ ਦਾ ਸੁਝਾਅ ਮਿਲਦਾ ਹੈ।
3. ਯਿਸੂ ਦਾ ਬਪਤਿਸਮਾ, ਮਨੁੱਖ ਦੇ ਛੁਟਕਾਰੇ ਦਾ ਕੰਮ, ਪ੍ਰਾਰਥਨਾ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਖੁਸ਼ਖ਼ਬਰੀ ਦੇ ਪ੍ਰਚਾਰ ਦੇ ਹੁਕਮ ਵਾਲਾ ਗ੍ਰੇਟ ਕਮਿਸ਼ਨ ਦਾ ਬਪਤਿਸਮਾ, ਸਭ ਤੋਂ ਪ੍ਰਮੇਸ਼ਵਰ ਦੇ ਤਿੰਨ ਵਿਚ ਇਕ (ਖ਼ੁਦਾਈ) ਹੋਣ ਦਾ ਪਤਾ ਕਿਵੇਂ ਲਗਦਾ ਹੈ?
4. ਮਨੁੱਖ ਲਈ ਪ੍ਰਮੇਸ਼ਵਰ ਕੋਲ ਜਾਣ ਦਾ ਇੱਕੋ ਮੌਜੂਦ ਰਾਹ ਕਿਹੜਾ ਹੈ?
5. ਉਹ ਕਿਹੜੀਆਂ ਆਇਤਾਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਫ਼ਰਿਸ਼ਤਿਆਂ, ਸੰਤਾਂ

ਜਾਂ ਕਿਸੇ ਹੋਰ ਵਿਅਕਤੀ (ਜੀਉਂਦਾ ਹੋਵੇ ਜਾਂ ਮੋਇਆ) ਦੇ ਰਾਹੀਂ ਪ੍ਰਮੇਸ਼ਵਰ ਤਕ ਨਹੀਂ ਪਹੁੰਚਿਆ ਜਾ ਸਕਦਾ?

6. ਪ੍ਰਭੂ ਯਿਸੂ ''ਮਨੁੱਖ ਦਾ ਪੁੱਤਰ'' ਅਤੇ ''ਪ੍ਰਮੇਸ਼ਵਰ ਦਾ ਪੁੱਤਰ'' ਦੋਵੇਂ ਕਿਵੇਂ ਹੋ ਸਕਦਾ ਹੈ?
7. ਖ਼ੁਦਾਈ ਦੇ ਮੈਂਬਰਾਂ ਬਾਰੇ ਭਾਵੇਂ ਬਹੁਤ ਕੁਝ ਹੈ ਜੋ ਅਸੀਂ ਨਹੀਂ ਜਾਣ ਸਕਦੇ ਪਰ ਬਹੁਤ ਕੁਝ ਹੈ ਜੋ ਅਸੀਂ ਜਾਣ ਸਕਦੇ ਹਾਂ। ਉਹ ਕਿਹੜੀਆਂ ਗੱਲਾਂ ਹਨ ਜੋ ਬਾਈਬਲ ਵਿਚ ਦੱਸੀਆਂ ਗਈਆਂ ਹਨ?
8. ਇਸ ਸੱਚਿਆਈ ਤੋਂ ਕਿ ਪ੍ਰਮੇਸ਼ਵਰ ਨੇ ਸਭ ਕੁਝ ਬਣਾਇਆ ਹੋਰ ਕਿਹੜੇ ਯਥਾਰਥਾਂ ਦਾ ਪਤਾ ਲਗਦਾ ਹੈ?
9. ਕੀ ਸਬੂਤ ਹੈ ਕਿ ਪ੍ਰਮੇਸ਼ਵਰ ਆਪਣੇ ਸੰਸਾਰ ਵਿਚ ਅੱਜ ਵੀ ਕੰਮ ਕਰਦਾ ਹੈ?
10. ਪ੍ਰਮੇਸ਼ਵਰ ਸਾਡਾ ਨਿਆਂ ਕਿਵੇਂ ਕਰੇਗਾ?

## ਸ਼ਬਦ ਸਹਾਇਤਾ

**ਰਸੂਲ**-ਆਪਣੇ ਖ਼ਾਸ ਭੇਜੇ ਹੋਏ ਦੂਤ ਹੋਣ ਲਈ ਯਿਸੂ ਵੱਲੋਂ ਚੁਣੇ ਬਾਰਾਂ ਆਦਮੀ (ਮੱਤੀ 10:2-4)। ਯਹੂਦਾ ਦੀ ਮੌਤ ਦੇ ਬਾਅਦ, ਮੱਥਿਆਸ ਦਾ ਨਾਂ ਰਸੂਲ ਬਣਨ ਲਈ ਪੇਸ਼ ਕੀਤਾ ਗਿਆ ਸੀ (ਰਸੂਲਾਂ ਦੇ ਕੰਮ 1:23, 26) । ਬਾਅਦ ਵਿਚ ਪੌਲੁਸ ਨੂੰ ਉਨ੍ਹਾਂ ਵਿਚ ਰਲਾ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 9:15, 16; 1 ਤਿਮੋਥਿਉਸ 2:7)। ਯਿਸੂ ਨੇ ਦੱਸਿਆ ਕਿ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਦਿੱਤੀ ਰਸੂਲਾਂ ਦੀ ਸਿੱਖਿਆ ਅਤੇ ਪ੍ਰਚਾਰ ਨੂੰ ਮੰਨਿਆ ਜਾਵੇ (ਮੱਤੀ 16:19)।

**ਬਪਤਿਸਮਾ**-ਇਕ ਯੂਨਾਨੀ ਸ਼ਬਦ ਤੋਂ ਲਿਆ ਗਿਆ ਜਿਸ ਦਾ ਅਰਥ ''ਪਾਣੀ ਵਿਚ ਡੁਬਕੀ'' ਹੈ । ਪ੍ਰਮੇਸ਼ਵਰ ਨੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਠਹਿਰਾਇਆ ਹੈ (ਵੇਖੋ ਮੱਤੀ 28:19, 20; ਰੋਮੀਆਂ 6:1-4; ਰਸੂਲਾਂ ਦੇ ਕੰਮ 2:38; 8:36)।

**ਮਸੀਹੀ**-ਜਿਹਨੇ ਮਸੀਹ ਦੀ ਇੰਜੀਲ ਜਾਂ ਖੁਸ਼ਖਬਰੀ ਦੀ ਗੱਲ ਮੰਨ ਲਈ ਹੈ।

**ਇਕਰਾਰ**-ਯਿਸੂ ਮਸੀਹ ਨੂੰ ਪ੍ਰਮੇਸ਼ਵਰ ਦਾ ਪੁੱਤਰ ਮੰਨ ਕੇ ਉਹਨੂੰ ਪ੍ਰਭੂ ਅਤੇ ਮੁਕਤੀਦਾਤਾ ਕਬੂਲ ਕਰਨਾ (ਵੇਖੋ ਰਸੂਲਾਂ ਦੇ ਕੰਮ 8:37; ਰੋਮੀਆਂ 10:10; 1 ਤਿਮੋਥਿਉਸ 6:12)।

**ਚੇਲਾ**-ਸਿੱਖਣ ਵਾਲਾ ਜਾਂ ਪੈਰੋਕਾਰ, ਸ਼ਗਿਰਦ। ਰਸੂਲਾਂ ਦੇ ਕੰਮ 11:26 ਵਿਚ ਯਿਸੂ ਦੇ ਚੇਲਿਆਂ ਨੂੰ ਸਭ ਤੋਂ ਪਹਿਲਾਂ ਮਸੀਹੀ ਕਿਹਾ ਗਿਆ ਸੀ।

**ਇੰਜੀਲ ਦੇ ਵਿਰਤਾਂਤ**-ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ (ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ) ਜੋ ਯਿਸੂ ਦੇ ਜੀਵਨ, ਮੌਤ ਅਤੇ ਜੀ ਉੱਠਣ ਬਾਰੇ ਦੱਸਦੀਆਂ ਹਨ।

**ਗ੍ਰੇਟ ਕਮਿਸ਼ਨ**-ਮੁਰਦਿਆਂ ਵਿੱਚੋਂ ਜੀ ਉੱਠਣ ਬਾਅਦ ਅਸਮਾਨ ਤੇ ਉਠਾਏ ਜਾਣ ਤੋਂ ਪਹਿਲਾਂ ਆਪਣੇ ਚੇਲਿਆਂ ਨੂੰ ਜਾ ਕੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਖੁਸ਼ਖਬਰੀ ਸੁਣਾਉਣ ਦਾ ਯਿਸੂ ਦਾ ਹੁਕਮ (ਮੱਤੀ 28:18-20; ਮਰਕੁਸ 16:15, 16)।

**ਵਿਚੋਲਾ**-ਜੋ ਕਿਸੇ ਮੁਸ਼ਕਲ ਨੂੰ ਹੱਲ ਕਰਨ ਲਈ ''ਵਿਚ ਆ ਜਾਂਦਾ ਹੈ।'' ਯਿਸੂ ਅਰਥਾਤ ਪ੍ਰਮੇਸ਼ਵਰ ਦਾ ਪੁੱਤਰ ਪ੍ਰਮੇਸ਼ਵਰ ਅਤੇ ਮਨੁੱਖ ਵਿਚਕਾਰ ਵਿਚੋਲਾ ਹੈ।

**ਪ੍ਰਬੰਧ ਕਰਨਾ**-ਮਨੁੱਖ ਲਈ ਪ੍ਰਮੇਸ਼ਵਰ ਦੀ ਸੰਭਾਲ ਅਤੇ ਲੋੜ ਪੂਰੀ ਕਰਨਾ (ਭਾਵੇਂ ਨਵੇਂ ਨੇਮ ਵਿਚ ''ਪ੍ਰਬੰਧ ਕਰਨਾ'' ਦੀ ਵਰਤੋਂ ਇਸ ਤਰ੍ਹਾਂ ਨਹੀਂ ਕੀਤੀ ਗਈ ਪਰ ਜਿਵੇਂ ਰੋਮੀਆਂ 8:28 ਵਿਚ ਮਿਲਦਾ ਹੈ, ਇਹ ਸਿੱਖਿਆ ਬਾਈਬਲ ਦੇ ਮੁਤਾਬਕ ਹੈ)।

**ਛੁਡਾਉਣ ਵਾਲਾ**-''ਕੀਮਤ ਦੇ ਕੇ ਖ਼ਰੀਦ ਲੈਣ'' ਵਾਲਾ। ਆਪਣੀ ਮੌਤ ਦੇ ਰਾਹੀਂ ਯਿਸੂ ਨੇ ਲੋਕਾਂ ਦੀਆਂ ਰੂਹਾਂ ਲਈ ਮੁੱਲ ਭਰ ਦਿੱਤਾ ਜਾਂ ਉਨ੍ਹਾਂ ਨੂੰ ਮੁੜ ਖ਼ਰੀਦ ਲਿਆ।

**ਛੁਟਕਾਰਾ**-ਪ੍ਰਮੇਸ਼ਵਰ ਤੋਂ ਦੂਰ ਰਹਿਣ ਦੇ ਬਾਅਦ ''ਮੁੜ ਖਰੀਦੇ'' ਜਾਣਾ। ਮਸੀਹੀ ਲੋਕਾਂ ਨੂੰ ਆਮ ਤੌਰ ਤੇ ''ਛੁਟਕਾਰਾ ਪਾਏ ਹੋਏ ਲੋਕ'' ਆਖਿਆ ਜਾਂਦਾ ਹੈ।

**ਤੌਬਾ**-ਕਿਸੇ ਦੇ ਸੋਚਣ ਜਾਂ ਜੀਉਣ ਦਾ ਢੰਗ ਬਦਲਣ ਦਾ ਕੰਮ।

**ਸੰਤ**-ਨਵੇਂ ਨੇਮ ਦੀ ਸਿੱਖਿਆ ਨੂੰ ਮੰਨਣ ਵਾਲਾ ਮਸੀਹੀ।

**ਮੁਕਤੀ**-ਪਾਪ ਤੋਂ ਛੁਟਕਾਰਾ; ਮੁਕਤੀ ਸਿਰਫ਼ ਯਿਸੂ ਦੇ ਰਾਹੀਂ ਹੀ ਮੁਹੱਈਆ ਕਰਾਈ ਜਾ ਸਕਦੀ ਹੈ।

**ਮੁਕਤੀ ਦਾਤਾ**-ਜੋ ਕਿਸੇ ਨੂੰ ਖ਼ਤਰੇ ਜਾਂ ਮੌਤ ਤੋਂ ਬਚਾਉਂਦਾ ਹੈ। ਸਾਡਾ ਮੁਕਤੀ ਦਾਤਾ ਯਿਸੂ ਸਾਨੂੰ ਪਾਪ ਅਤੇ ਹਮੇਸ਼ਾ ਦੀ ਮੌਤ ਤੋਂ ਬਚਾਉਂਦਾ ਹੈ।

---

ਟਿੱਪਣੀਆਂ

[1]ਤਿੰਨ ਯੂਨਾਨੀ ਸ਼ਬਦ ਜਿਨ੍ਹਾਂ ਦਾ ਅਨੁਵਾਦ ''ਪ੍ਰਮੇਸ਼ਵਰਤਾਈ'' ਜਾਂ ਪ੍ਰਮੇਸ਼ਵਰਤਵ/ਖ਼ੁਦਾਈ ਹੋ ਸਕਦਾ ਹੈ, ਬਾਈਬਲ ਵਿਚ ਇਨ੍ਹਾਂ ਹੀ ਆਇਤਾਂ ਵਿਚ ਇਕ ਇਕ ਵਾਰ ਮਿਲਦੇ ਹਨ (ਰਸੂਲਾਂ ਦੇ ਕੰਮ 17:29; ਰੋਮੀਆਂ 1:20; ਕੁਲੁੱਸੀਆਂ 2:9)। ''ਖ਼ੁਦਾਈ'' ਅਤੇ ''ਤ੍ਰੀਏਕਤਾ/ਤਸਲੀਸ'' ਸ਼ਬਦ ਬਾਈਬਲ ਵਿਚ ਨਹੀਂ ਮਿਲਦੇ, ਅਤੇ ਇਸ ਪਾਠ ਵਿਚ ਉਹਨਾ ਦੀ ਵਰਤੋਂ ਸਿਰਫ਼ ਵਿਆਖਿਆ ਲਈ ਕੀਤੀ ਗਈ ਹੈ । [2]ਉਤਪਤ 3:22; 11:7; ਯਸਾਯਾਹ 6:8 ਵਿਚ ਤਿੰਨ ਹੋਰ ਉਦਾਹਰਣਾਂ ਮਿਲਦੀਆਂ ਹਨ।